ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

Vol 17 * Issue 194

Daily Newspaper Thursday, October 11, 2018

Tel: 905-793-2202 Fax: 905-793-2282 news@punjabipost.ca

Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

# ਹੁਣ ਓਨਟਾਰੀਓ ਵਿੱਚ ਸਿੱਖ ਹੈਲਮਟ ਤੋਂ ਬਿਨਾਂ ਚਲਾ ਸਕਣਗੇ ਮੋਟਰਸਾਈਕਲ !

## 18 ਅਕਤੂਬਰ ਤੋਂ ਰੈਗੂਲੇਸ਼ਨ ਰਾਹੀਂ ਸਿੱਖਾਂ ਨੂੰ ਹੈਲਮਟ ਤੋਂ ਦਿੱਤੀ ਜਾਵੇਗੀ ਛੋਟ



ਟੋਰਾਂਟੋ, 10 ਅਕਤੂਬਰ (ਪੋਸਟ ਬਿਊਰੋ) : ਬਰੈਂਪਟਨ ਵਿਖੇ ਇੱਕ ਕਮਿਊਨਿਟੀ ਸੈਂਟਰ ਸਾਹਮਣੇ ਸਿੱਖ ਮੋਟਰਸਾਈਕਲ ਕਲੱਬ ਦੇ ਮੈਂਬਰਾਂ ਵੱਲੋਂ ਕੀਤੇ ਗਏ ਇੱਕਠ ਵਿੱਚ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਸ਼ਮੂਲੀਅਤ ਕਰਦਿਆਂ ਐਲਾਨ ਕੀਤਾ ਕਿ 18 ਤਰੀਕ ਨੂੰ ਪਗੜੀਧਾਰੀ ਸਿੱਖਾਂ ਨੂੰ ਹੈਲਮਟ ਤੋਂ ਛੋਟ ਦੇਣ ਲਈ ਰੈਗੂਲੇਸ਼ਨ ਉੱਤੇ ਮੋਹਰ ਲਾ ਦਿੱਤੀ ਜਾਵੇਗੀ। ਇਸ ਨਾਲ ਓਨਟਾਰੀਓ ਵਿੱਚ ਪਗੜੀਧਾਰੀ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਸਮੇਂ ਛੋਟ ਮਿਲ ਜਾਵੇਗੀ ਤੇ ਹੈਲਮਟ ਤੋਂ ਛੋਟ ਦੇਣ ਵਾਲਾ ਓਨਟਾਰੀਓ ਚੌਥਾ ਪ੍ਰੋਵਿੰਸ ਬਣ ਜਾਵੇਗਾ।

ਬੁੱਧਵਾਰ ਨੂੰ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਆਖਿਆ ਕਿ ਇਹ ਛੋਟ 18 ਅਕਤੂਬਰ ਤੋਂ ਦਿੱਤੀ ਜਾਵੇਗੀ। ਇਹ ਫੈਸਲਾ ਸਿੱਖਾਂ ਦੇ ਸਿਵਲ ਅਧਿਕਾਰਾਂ ਤੇ ਧਾਰਮਿਕ ਮਾਨਤਾ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ। ਪ੍ਰੀਮੀਅਰ ਡੱਗ ਫੋਰਡ ਨੇ ਇੱਕ ਬਿਆਨ ਵਿੱਚ ਆਖਿਆ ਕਿ ਸੜਕਾਂ ਉੱਤੇ ਸਾਡੇ ਨਾਗਰਿਕਾਂ ਦੀ ਸੇਫਟੀ ਹਮੇਸ਼ਾਂ ਸਾਡੀ ਤਰਜੀਹ ਰਹੇਗੀ।

...ਬਾਕੀ ਪੰਨਾ 8 'ਤੇ

# ਬਰੈਂਪਟਨ ਨਿਵਾਸੀਆਂ ਵੱਲੋਂ ਲਿੰਡਾ ਜਾਫਰੀ ਲਈ ਵੱਡੀ ਰੈਲੀ 14 ਅਕਤੂਬਰ ਨੂੰ



ਬਰੈਪਟਨ, 9 ਅਕਤੂਬਰ (ਪੋਸਟ ਬਿਊਰੋ)- 22 ਅਕਤੂਬਰ ਨੂੰ ਆ ਰਹੀਆਂ ਮਿਉਂਸਪਲ ਚੋਣਾਂ ਦੇ ਮੱਦੇਨਜ਼ਰ ਬਰੈਂਪਟਨ ਨਿਵਾਸੀਆਂ ਵਲੋਂ 14 ਤਰੀਕ ਨੂੰ ਸਪ੍ਰਿੰਜਾ ਬੈਂਕੁਇਟ ਹਾਲ ਵਿਖੇ ਇਕ ਵੱਡੀ ਰੈਲੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਰੈਲੀ ਦਾ ਮਕਸਦ ਲਿੰਡਾ ਜਾਫਰੀ ਜੋ ਕਿ ਦੂਜੀ ਟਰਮ ਵਾਸਤੇ ਮੇਅਰ ਦੇ ਅਹੁਦੇ ਲਈ ਚੋਣ ਮੈਦਾਨ ਵਿਚ ਹਨ, ਲਈ ਇਕਜੁਟ ਹੋ ਕੇ ਹਿਮਾਇਤ ਕਰਨਾ ਹੈ। ਸਪ੍ਰਿੰਜਾ ਬੈਕੁਇਟ ਹਾਲ 510 ਡੀਅਰ ਹਰਟਸ ਡਰਾਈਵ ਉਤੇ ਸਥਿਤ ਹੈ, ਜੋ ਕਿ ਗੋਰ ਵੇ ਐਂਡ ਕੁਈਨ ਦੇ ਨਜ਼ਦੀਕ ਪੈਂਦਾ ਹੈ। ਇਸ ਰੈਲੀ ਦੇ ਆਯੋਜਕ ਏਸ਼ੀਅਨ ਫੂਡ ਸੈਂਟਰ ਤੋਂ ਮੇਜਰ ਸਿੰਘ ਨੱਤ ਨੇ ਸਾਡੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਸਮੇਂ ਸਾਡਾ ਸ਼ਹਿਰ ਬਰੈਂਪਟਨ ਬਹੁਤ ਹੀ ਨਾਜ਼ੁਕ ਫੈਸਲਾ ਕਰਨ ਦੀ ਸਥਿਤੀ ਉਤੇ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਅਸੀ ਉਸ ਉਮੀਦਵਾਰ ਦੀ ਇਕਜੁਟ ਹੋ ਕੇ ਹਿਮ-ਾਇਤ ਕਰਨੀ ਚਾਹੁੰਦੇ ਹਾਂ, ਜਿਹੜਾ ਕਿ ਬਰੈਂਪਟਨ ਨੂੰ ਸਹੀ ਰਾਹ ਉਤੇ ਰੱਖ ਸਕੇ। ਮੇਜਰ ਨੱਤ ਨੇ ਕਿਹਾ ਕਿ ਲਿੰਡਾ ਜਾਫਰੀ ਜੋ ਪਿਛਲੇ ਕਈ ਦਹਾਕਿਆਂ ਤੋ ਬਰੈਂਪਟਨ ਵਿਚ ਰਹਿ ਰਹੀ ਹੈ, ਨੇ ਬਤੌਰ ਸਿਟੀ ਕੌਂਸਲਰ ਤੋ ਲੈ ਕੇ ਮਿਨਿ-ਸਟਰ ਦੀਆਂ ਸੇਵਾਵਾਂ ਉਨ੍ਹਾਂ ਨੇ ਬਰੈਂਪਟਨ ਨੂੰ ਦਿੱਤੀਆਂ ਹਨ ਤੇ ਅਸੀਂ ਲਿੰਡਾ ਜਾਫਰੀ ਨੂੰ ਇਕ ਮੌਕਾ ਹੋਰ ਦੇਣਾ ਚਾਹੁੰਦੇ ਹਾਂ। ਇਸੇ ਤਰ੍ਹਾਂ ਜਗਦੀਸ਼ ਗਰੇਵਾਲ ਨੇ ਦੱਸਿਆ ਕਿ ਭਾਵੇਂ ਬਰੈਂਪਟਨ ਵਿਚ ਇਸ ਸਮੇਂ ਸਭ ਕੁੱਝ ਚੰਗਾ ਨਹੀ ਹੈ, ਪਰ ਫੇਰ ਵੀ ਜੋ ਉਮੀਦਵਾਰ ਇਸ ਸਮੇਂ ਚੋਣ ਮੈਦਾਨ ਵਿਚ ਹਨ, ਉਨ੍ਹਾਂ ਵਿਚੋਂ ਜੋ ਬਰੈਂਪਟਨ ਨੂੰ ਸਹੀ ਰਾਹ ਉਤੇ ਰੱਖ ਸਕਦਾ ਹੈ, ਉਹ ਸਿਰਫ਼ ਲਿੰਡਾ ਜਾਫਰੀ ਹੀ ਹੈ। ਉਨ੍ਹਾਂ ਕਿਹਾ ਕਿ ਬਾਕੀ ਉਮੀਦਵਾਰ ਭਾਵੇ ਚੰਗੇ ਤਜਰਬੇਕਾਰ ਤੇ ਲਿਆਕਤ ਰੱਖਦੇ ਹਨ, ਪਰ ਇਹ ਸਮਾਂ ਹੈ ਕਿ ਇਕ ਵਾਰ ਫੇਰ ਲਿੰਡਾ ਜਾਫਰੀ ਨੂੰ ਮੌਕਾ ਦਿੱਤਾ ਜਾਵੇ। ਉਨ੍ਹਾਂ ਸਾਰੇ ਬਰੈਂਪਟਨ ਨਿਵਾਸੀਆ ਨੂੰ ਖੁੱਲਾ ਸੱਦਾ ਦਿੱਤਾ ਕਿ ਇਸ ਮੀਟ ਐਂਡ ਗ੍ਰੀਟ ਰੈਲੀ ਵਿਚ ਪਹੁੰਚ ਕੇ ਆਪਣੀ ਇਕਜੁਟਤਾ ਦਿਖਾਉਦਿਆਂ ਬਰੈਂਪਟਨ ਲਈ ਸਹੀ ਮੇਅਰ ਚੁਣਨ ਲਈ ਚੱਲ ਰਹੀ ਮੁਹਿੰਮ ਵਿਚ ਆਪਣਾ ਹਿੱਸਾ ਪਾਈਏ। ਉਨ੍ਹਾਂ ਸਾਰੀਆਂ ਸੀਨੀਅਰ ਸੰਸਥਾਵਾਂ ਤੇ ਖੇਡ ਕਲੱਬਾਂ ਨੂੰ ਵੀ ਸੱਦਾ ਦਿੱਤਾ ਕਿ ਉਹ ਇਸ ਮੁਹਿੰਮ ਵਿਚ ਆਪਣੀ ਹਾਜ਼ਰੀ ਲਗਵਾ ਕੇ ਆਪਣਾ ਯੋਗਦਾਨ ਪਾਉਣ। ਇਸ ਰੈਲੀ ਦਾ ਸਮਾਂ ਸ਼ਾਮ 4 ਵਜੇ ਤੋਂ ਲੈ ਕੇ 6 ਵਜੇ ਤੱਕ ਦਾ ਹੈ। ਚਾਹ ਪਾਣੀ ਦਾ ਬੰਦੋਬਸਤ ਹੋਵੇਗਾ। ਜਿਆਦਾ ਜਾਣਕਾਰੀ ਲਈ 416-970-5005 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਿੰਗਲਵਾੜੇ ਵੱਲੋਂ ਕੀਤੀ ਜਾਂਦੀ ਨਿਸਵਾਰਥ ਸੇਵਾ ਤੋਂ ਕਾਫੀ ਪ੍ਰਭਾਵਿਤ ਹੋਏ ਸ਼ੀਅਰ

ਅੰਮ੍ਰਿਤਸਰ, 10 ਅਕਤੂਬਰ (ਪੋਸਟ ਬਿਊਰੋ) : ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੇ ਆਗੂ ਤੇ ਮੁੱਖ ਵਿਰੋਧੀ ਧਿਰ ਦੇ ਨੇਤਾ ਐਂਡਰਿਊ ਸ਼ੀਅਰ ਵੱਲੋਂ ਪਤਨੀ ਜਿੱਲ ਸ਼ੀਅਰ ਸਮੇਤ ਅੱਜ ਅੰਮ੍ਰਿਤਸਰ ਵਿੱਚ ਪਿੰਗਲਵਾੜਾ ਮਾਨਾਵਾਲਾ ਬ੍ਰਾਂਚ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉੱਤੇ ਉਨ੍ਹਾਂ ਨਾਲ ਹਾਊਸ ਆਫ ਕਾਮਨਜ਼ ਕੈਨੇਡਾ ਦੇ ਫੈਡਰਲ ਮੈਂਬਰ ਬੌਬ ਸਰੋਆ ਵੀ ਮੌਜੂਦ ਸਨ।



ਐਂਡਰਿਊ ਸ਼ੀਅਰ ਪਿੰਗਲਵਾੜੇ 'ਚ ਬੱਚਿਆਂ ਨੂੰ ਮਿਲਦੇ ਹੋਏ।

ਸ਼ੀਅਰ ਦੇ ਪਹੁੰਚਣ ਉੱਤੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਦੀ ਪ੍ਰੈਜ਼ੀਡੈਂਟ ਡਾ. ਇੰਦਰਜੀਤ ਕੌਰ ਵੱਲੋਂ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਤੇ ਪਿੰਗਲਵਾੜਾ ਦੀਆਂ ਗਤੀਵਿਧੀਆਂ ਬਾਰੇ ਵੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।

...ਬਾਕੀ ਪੰਨਾ 5 'ਤੇ

PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME · AUTO · BUSINESS · TRUCKING · R.E.S.P · COMMERCIAL
CONNEX
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axcel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate · Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
5yrs follow you up Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
Jasbir Singh Hundal Qualified Credit Counsellor
www.MakeMeDebtFree.ca 416-502-3100 1888 864 3131
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration · Real Estate
Family Law · Business Closing
Corporate · Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755 www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੰਪਨੀਆਂ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਹਲਫਨਾਮੇ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿਰੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator
647.990.3205

MANN LAW FIRM
Real Estate Law · Business Law
Wills & Estates · Family Law
Power of Attorney · Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes
Bed Bugs, Spider, Beetle
& Cockroaches Control
SAME DAY SERVICE & 100% SATISFACTION GUARANTEED
Discount For Seniors Single Mothers & Students
CALL FOR FREE ESTIMATES :
647-515-8000 ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
Counterbalance · Walkie pallet · Electric Motor · Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
100% removal of all pests written Guarantee
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

RE-ELECT LINDA JEFFREY

TOGETHER WE CAN DO MORE

**Election Day:**
Monday, October 22, 10:00am - 8:00pm

**Advance Voting:**
October 2 - 13



- ✓ Safer community
- ✓ Attract and create jobs
- ✓ Improve Transit and fight gridlock

**For more information:**

info@lindajeffrey.ca
www.lindajeffrey.ca
Facebook.com/BramptonLinda
@LindaJeffrey
Volunteering: LindaJeffrey.ca
289-201-0609

chatr MOBILE

NOW GET

~~4GB~~ 4.5GB DATA

ON OUR $40/MO. PLAN

AUTO-PAY BONUS

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON,
(905) 451-0379

2456 LAKE SHORE BLVD W.,
(416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

Elect
# Harpreet Gill

Ward 1 Toronto District School Board Trustee

- Improved school safety
- Restoring school infrastructure
- Building stronger partnerships
- Introducing new programs

Let's Empower to Change our community

Advance Voting: October 10-14, 10am-7pm Locations: North Kipling Community Centre (2 Rowntree Road) and West Acres Seniors Centre (65 Hinton Road)



Education: Honors Bachelor of Health Sciences, Western University and Master of Management, Schulich School of Business

VoteHarpreetGill
@voteforgill
@voteforgill

Harpreet Gill
647-655-1706

Born and raised in Etobicoke North by two working class parents, Harpreet currently resides in this community. Over the years, she has worked with many individuals and organizations in our community to strengthen it. Her priorities are towards building a better community and creating better opportunities for youth.

Elect Harpreet Gill on October 22nd, 2018

info@voteforgill.com

www.voteforgill.com

VOTE
# Rohit Sidhu
City Councillor Wards 9&10



"Brampton is my home – I was born in the GTA, raised and educated in Brampton. I have years of experience as an insurance broker and an Honours Political Science degree from the University of Ottawa. I understand the issues that all demographics face – our youth, our families, and our seniors. My goal is to provide the residents of Brampton with fair taxation, responsible spending, and full transparency from City Hall." - Rohit Sidhu.

- Freeze property taxes.
- Advocate for insurance reform.
- Reduce traffic gridlock & create effective means of transportation.
- Demand increased health-care spending and plan for a new hospital to be built in Brampton.
- Improve community safety & awareness - work to end the rise in violence.

| www.rohitsidhu.com | 416-999-1300 |

ELECTION DAY: OCTOBER 22, 2018
ADVANCE POLLS: SATURDAY OCTOBER 6 & 13
(Brampton Soccer Centre & Gore Meadows Community Centre)

# Ride Ontario's Heritage Railway

SPECIAL RIDES
FALL COLOURS TOURS

SOUTH SIMCOE RAILWAY
ONTARIO'S FIRST STEAM HERITAGE RAILWAY



Sept 29 & 30th,
October 6, 7, 8, October 13 & 14

ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ

ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ





Ask about on-board Birthday Parties!

ਇਥੇ ਮਨਮੋਹਣੇ ਪਾਰਕਾਂ ਵਿੱਚ ਪਿਕਨਿਕ ਦਾ ਨਜ਼ਾਰਾ ਲੈਣ ਲਈ Visit ਕਰੋ: www.tottenhamconservation.com

For complete information, fares & schedules, please visit southsimcoerailway.ca

GPS 44 . 01 . 19 N
79 . 48 . 27 W

or call 905.936.5815

VISA MasterCard Interac

Harpreet Singh HANSRA
Candidate - City Councillor WARDS 3&4 BRAMPTON

What I Want for Brampton:
- More Transit Service
- Crime Reduction
- Job Creation
- No More Private Bailouts
- Keep Taxes Down
- Increased Healthcare



TAX PAYERS DESERVE BETTER ACCOUNTABILITY FROM THEIR COUNCILLOR




Advance Polls Oct 13th
ELECTION DAY OCTOBER 22ND

647-914-4740
www.harpreethansra.ca
teamhansra@gmail.com
fb.com/harpreethansra

ASIAN FOOD CENTRE





SERVING FROM 10 LOCATIONS IN ALL THE GTA AREA:
1. 621 Wanless drive unit 122 Brampton ON L7A 0A9............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109

## ਅੱਜ ਨਾਮਾ

ਢੀਂਡਸਾ ਗੁਰੂ ਦਰਬਾਰ ਨੂੰ ਵੇਖ ਆਇਆ,
ਮੀਡੀਏ ਵਾਲਿਆਂ ਲਿਆ ਸੀ ਰੋਕ ਮੀਆਂ।
ਅੱਗੜ-ਪਿੱਛੜ ਸਵਾਲ ਫਿਰ ਬਹੁਤ ਹੋਏ,
ਵਿਕਦਾ ਸੌਦਾ ਹੈ ਜਿਸ ਤਰ੍ਹਾਂ ਥੋਕ ਮੀਆਂ।
ਮੁੜ ਕੇ ਬਾਤ ਬਰਗਾੜੀ ਦੀ ਬੜੀ ਗੂੰਜੀ,
ਜਿਹੜੀ ਜਾਨਣੀ ਚਾਹੁੰਦੇ ਨੇ ਲੋਕ ਮੀਆਂ।
ਅੱਗੋਂ ਢੀਂਡਸਾ ਸਿੱਧੀ ਨਹੀਂ ਗੱਲ ਕਹਿੰਦਾ,
ਨਾ ਹੀ ਰਿਹਾ ਸੀ ਗੱਲ ਕੋਈ ਟੋਕ ਮੀਆਂ।
ਆਖਰ ਵਿੱਚ ਉਸ ਆਖਿਆ ਕੀ ਕਹੀਏ,
ਕਰਨੀ ਬਣਦੀ ਹੈ ਬਾਤ ਸਪੱਸ਼ਟ ਮੀਆਂ।
ਇਹੋ ਦਰਦ, ਸਪੱਸ਼ਟ ਜਾਂ ਗੱਲ ਕਰੀਏ,
ਲੀਡਰਸ਼ਿਪ ਨੂੰ ਹੁੰਦਾ ਈ ਕੱਸ਼ਟ ਮੀਆਂ।

ਤੀਸ ਮਾਰ ਖਾਂ

# ਪਿੰਗਲਵਾੜੇ ਵੱਲੋਂ ਕੀਤੀ ਜਾਂਦੀ ਨਿਸਵਾਰਥ ਸੇਵਾ ਤੋਂ ਕਾਫੀ ਪ੍ਰਭਾਵਿਤ ਹੋਏ ਸ਼ੀਅਰ

...ਪੰਨਾ 1 ਦਾ ਬਾਕੀ

ਉਨ੍ਹਾਂ ਦੱਸਿਆ ਕਿ ਪਿੰਗਲਵਾੜਾ ਦੀਆਂ ਸੱਤ ਵੱਖ ਵੱਖ ਬ੍ਰਾਂਚਾ ਵਿਚ 1800 ਬੇਸਹਾਰਾ, ਯਤੀਮ, ਇੱਕਲੇ ਛੱਡੇ ਗਏ, ਮਾਨਸਿਕ ਤੌਰ ਉੱਤੇ ਕਮਜ਼ੋਰ ਬੱਚਿਆਂ, ਪੁਰਸ਼ਾਂ, ਔਰਤਾਂ ਤੇ ਬਜ਼ੁਰਗਾਂ ਦੀ ਸਾਂਭ ਸੰਭਾਲ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਪਿੰਗਲਵਾੜਾ ਪੰਜ ਵਿੱਦਿਅਕ ਸੰਸਥਾਵਾਂ ਵੀ ਚਲਾ ਰਿਹਾ ਹੈ ਜਿੱਥੇ 1800 ਬੱਚਿਆਂ ਨੂੰ ਬਿਨਾਂ ਕਿਸੇ ਫੀਸ ਦੇ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਮੁਫਤ ਵਿਚ ਕਿਤਾਬਾਂ, ਬੈਗ ਤੇ ਹੋਰ ਸਟੇਸ਼ਨਰੀ ਦੇ ਨਾਲ ਨਾਲ ਟਰਾਂਸਪੋਰਟ ਸਹੂਲਤ ਵੀ ਮੁਹੱਈਆ ਕਰਵਾਈ ਜਾ ਰਹੀ ਹੈ। ਇਨ੍ਹਾਂ ਸਕੂਲਾਂ ਦਾ ਸਾਰਾ ਖਰਚਾ ਵੀ ਪਿੰਗਲਵਾੜਾ ਸੁਸਾਇਟੀ ਆਫ ਓਨਟਾਰੀਓ, ਕੈਨੇਡਾ ਵੱਲੋਂ ਵੰਡਾਇਆ ਜਾਂਦਾ ਹੈ।

ਪੰਜਾਬੀ ਪੋਸਟ ਦੇ ਪੱਤਰਕਾਰਾਂ ਨਾਲ ਉਚੇਚੇ ਤੌਰ ਉੱਤੇ ਗੱਲਬਾਤ ਕਰਦਿਆਂ ਸ਼ੀਅਰ ਨੇ ਦੱਸਿਆ ਕਿ ਅੰਮ੍ਰਿਤਸਰ ਵਿਚ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਦਾ ਦੌਰਾ ਕਰਦੇ ਸਮੇਂ ਉਨ੍ਹਾਂ ਮਹਿਸੂਸ ਕੀਤਾ ਕਿ ਪੰਜਾਬ ਵਿਚ ਗਰੀਬੀ ਜਾਂ ਅਪਾਹਜਤਾ ਨਾਲ ਪ੍ਰਭਾਵਿਤ ਬੱਚਿਆਂ ਤੇ ਪਰਿਵਾਰਾਂ ਦੀ ਮਦਦ ਕਰਕੇ ਇਹ ਸੁਸਾਇਟੀ ਕਿੰਨਾ ਚੰਗਾ ਕੰਮ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਜਿਸ ਤਰ੍ਹਾਂ ਦੀ ਸਾਂਭ ਸੰਭਾਲ ਇੱਥੇ ਰਹਿਣ ਵਾਲਿਆਂ ਦੀ ਕੀਤੀ ਜਾਂਦੀ ਹੈ ਉਹ ਵੇਖ ਕੇ ਵੀ ਬਹੁਤ ਚੰਗਾ ਲੱਗਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਬਣਾਉਟੀ ਅੰਗ ਬਣਾਉਣ ਵਾਲੇ ਸੈਂਟਰ, ਚਿਲਡਰਨ ਵਾਰਡ, ਸਪੈਸ਼ਲ ਸਕੂਲ ਤੇ ਡੈੱਫ ਸਕੂਲ ਦਾ ਦੌਰਾ ਵੀ ਕੀਤਾ ਗਿਆ ਤੇ ਉੱਥੇ ਰਹਿਣ ਵਾਲਿਆਂ ਨਾਲ ਗੱਲਬਾਤ ਵੀ ਕੀਤੀ। ਉਨ੍ਹਾਂ ਆਖਿਆ ਕਿ ਮਨੁੱਖਤਾ ਪ੍ਰਤੀ ਜਿਸ ਤਰ੍ਹਾਂ ਪਿੰਗਲਵਾੜੇ ਦੀ ਟੀਮ ਵੱਲੋਂ ਕੰਮ ਕੀਤਾ ਜਾ ਰਿਹਾ ਹੈ ਉਸ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਡਾ. ਇੰਦਰਜੀਤ ਕੌਰ ਦੀ ਸਾਰੀ ਟੀਮ ਨੂੰ ਵਧਾਈ ਦਿੱਤੀ ਤੇ ਆਖਿਆ ਕਿ ਉਹ ਆਸ ਕਰਦੇ ਹਨ ਕਿ ਆਪਣ ਇਸ ਨੇਕ ਕੰਮ ਲਈ ਪਿੰਗਲਵਾੜਾ ਪੂਰੀ ਦੁਨੀਆ ਵਿਚ ਜਾਣਿਆ ਜਾਵੇ।





ਇਸ ਦੌਰਾਨ ਸ਼ੀਅਰ ਨੇ ਆਖਿਆ ਕਿ ਉਨ੍ਹਾਂ ਨੂੰ ਅਫਗਾਨਿਸਤਾਨ ਵਿਚਲੇ ਘੱਟ ਗਿਣਤੀ ਸਿੱਖ ਤੇ ਹਿੰਦੂ ਰਫਿਊਜੀਆਂ ਨਾਲ ਮੁਲਾਕਾਤ ਕਰਨ ਦਾ ਵੀ ਮੌਕਾ ਮਿਲਿਆ। ਅਫਗਾਨਿਸਤਾਨ ਵਿਚ ਉਨ੍ਹਾਂ ਨਾਲ ਹੋ ਰਹੀ ਧੱਕੇਸ਼ਾਹੀ ਬਾਰੇ ਵੀ ਉਨ੍ਹਾਂ ਸਾਨੂੰ ਵਿਸਥਾਰ ਨਾਲ ਦੱਸਿਆ। ਸ਼ੀਅਰ ਨੇ ਦੱਸਿਆ ਕਿ ਇਹ ਪਰਿਵਾਰ ਅਫਗਾਨਿਸਤਾਨ ਤੋਂ ਨਵੀਂ ਦਿੱਲੀ ਆਏ ਹਨ। ਉਨ੍ਹਾਂ ਨੂੰ ਰਫਿਊਜੀਆਂ ਸਬੰਧੀ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨਰ ਵੱਲੋਂ ਰਫਿਊਜੀਆਂ ਦਾ ਦਰਜਾ ਦਿੱਤਾ ਗਿਆ ਹੈ। ਇਸ ਦੌਰਾਨ ਮਨਮੀਤ ਸਿੰਘ ਭੁੱਲਰ ਚੈਰੀਟੇਬਲ ਫਾਊਂਡੇਸ਼ਨ ਰਾਹੀਂ ਇਨ੍ਹਾਂ ਸਾਰਿਆਂ ਨੂੰ ਪ੍ਰਾਈਵੇਟ ਸਪਾਂਸਰਸ਼ਿਪ ਜ਼ਰੀਏ ਕੈਨੇਡਾ ਲਿਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸ਼ੀਅਰ ਨੇ ਆਖਿਆ ਕਿ ਇਨ੍ਹਾਂ ਵੱਲੋਂ ਦੱਸੀਆਂ ਗਈਆਂ ਕਹਾਣੀਆਂ ਦਿਲ ਦਹਿਲਾ ਦੇਣ ਵਾਲੀਆਂ ਸਨ ਤੇ ਤਸਵੀਰਾਂ ਅਜਿਹੀਆਂ ਸਨ ਜਿਹੜੀਆਂ ਵੇਖੀਆਂ ਨਹੀਂ ਜਾ ਸਕਦੀਆਂ। ਉਨ੍ਹਾਂ ਨੂੰ ਅਫਗਾਨਿਸਤਾਨ ਵਿਚ ਆਪਣੇ ਧਰਮ ਦੀ ਪਾਲਣਾ ਕਰਨ ਦਾ ਅਧਿਕਾਰ ਵੀ ਨਹੀਂ ਸੀ ਤੇ ਨਾ ਹੀ ਮੁੱਢਲੀ ਮੈਡੀਕਲ ਸਹਾਇਤਾ ਹੀ ਮੁਹੱਈਆ ਕਰਵਾਈ ਜਾਂਦੀ ਸੀ, ਮਾਂਵਾਂ ਤੇ ਭੈਣਾਂ ਨੂੰ ਪਰੇਸ਼ਾਨ ਕੀਤਾ ਜਾਂਦਾ ਸੀ, ਕਈਆਂ ਨੂੰ ਤਾਂ ਖਤਮ ਹੀ ਕਰ ਦਿੱਤਾ ਗਿਆ।

ਸ਼ੀਅਰ ਨੇ ਆਖਿਆ ਕਿ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਇਸ ਮੁੱਦੇ ਉੱਤੇ ਕੈਨੇਡਾ ਵਿੱਚ ਵੀ ਸਿੱਖ ਤੇ ਹਿੰਦੂ ਕਮਿਊਨਿਟੀ ਮੈਂਬਰਜ਼ ਨਾਲ ਮੁਲਾਕਾਤ ਕਰ ਚੁੱਕੀ ਹੈ। ਇਸ ਮਾਮਲੇ ਵਿੱਚ ਟਰੂਡੋ ਸਰਕਾਰ ਵੱਲੋਂ ਕਾਰਵਾਈ ਕਰਨ ਦੀ ਵੀ ਮੰਗ ਕੀਤੀ ਗਈ ਹੈ ਪਰ ਅਜੇ ਤੱਕ ਇਸ ਪਾਸੇ ਲਿਬਰਲਾਂ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਸਾਨੂੰ ਇਸ ਉੱਤੇ ਫੌਰੀ ਕਾਰਵਾਈ ਚਾਹੀਦੀ ਹੈ। ਇਹ ਕੋਈ ਤੇਰਾ ਮੇਰਾ ਮੁੱਦਾ ਨਹੀਂ ਹੈ ਸਗੋਂ ਮਨੁੱਖਤਾ ਨਾਲ ਸਬੰਧਤ ਸਾਂਝਾ ਮੁੱਦਾ ਹੈ। ਇੱਥੇ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਆਜ਼ਾਦੀ ਦੀ ਗੱਲ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਦੇ ਕੰਜ਼ਰਵੇਟਿਵ ਹਮੇਸ਼ਾਂ ਆਪਣੀਆਂ ਮਨੁੱਖਤਾਵਾਦੀ ਕਦਰਾਂ ਕੀਮਤਾਂ ਉੱਤੇ ਪਹਿਰਾ ਦਿੰਦੇ ਰਹਿਣਗੇ ਤੇ ਕੌਮਾਂਤਰੀ ਪੱਧਰ ਉੱਤੇ ਵੀ ਅਜਿਹੇ ਮੁੱਦੇ ਉਠਾਉਂਦੇ ਰਹਿਣਗੇ।

## ਮੈਕਸਿਮ ਬਰਨੀਅਰ ਨੇ ਆਪਣੀ ਨਵੀਂ ਪਾਰਟੀ ਨੂੰ ਰਜਿਸਟਰ ਕਰਵਾਉਣ ਲਈ ਦਿੱਤੀ ਅਰਜ਼ੀ

ਓਟਵਾ, 10 ਅਕਤੂਬਰ (ਪੋਸਟ ਬਿਊਰੋ) : ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਆਗੂ ਮੈਕਸਿਮ ਬਰਨੀਅਰ ਨੇ ਬੁੱਧਵਾਰ ਸਵੇਰੇ ਇਲੈਕਸ਼ਨਜ਼ ਕੈਨੇਡਾ ਦੇ ਹੈੱਡਕੁਆਰਟਰਜ਼ ਦਾ ਦੌਰਾ ਕਰਕੇ ਆਪਣੀ ਨਵੀਂ ਸਿਆਸੀ ਪਾਰਟੀ ਨੂੰ ਰਜਿਸਟਰ ਕਰਵਾਉਣ ਲਈ ਅਰਜ਼ੀ ਦਿੱਤੀ।

ਇਲੈਕਸ਼ਨਜ਼ ਕੈਨੇਡਾ ਦੇ ਅਧਿਕਾਰੀ ਨੂੰ ਇਸ ਸਬੰਧੀ ਕਾਗਜ਼ਾਤ ਸੌਂਪਣ ਤੋਂ ਬਾਅਦ ਬਰਨੀਅਰ ਨੇ ਆਖਿਆ ਕਿ ਇਹ ਸਾਡੇ ਲਈ ਬਹੁਤ ਵੱਡਾ ਦਿਨ ਹੈ। ਇਹ ਸਾਡੀ ਨਵੀਂ ਪਾਰਟੀ ਦੇ ਨਿਰਮਾਣ ਤੇ ਉਸ ਨੂੰ ਮਾਨਤਾ ਮਿਲਣ ਵੱਲ ਚੁੱਕਿਆ ਗਿਆ ਵੱਡਾ ਕਦਮ ਹੈ। ਜੇ ਇਲੈਕਸ਼ਨਜ਼ ਕੈਨੇਡਾ ਵੱਲੋਂ ਉਨ੍ਹਾਂ ਦੀ ਅਰਜ਼ੀ ਮਨਜ਼ੂਰ ਕਰ ਲਈ ਜਾਂਦੀ ਹੈ ਤਾਂ ਬਰਨੀਅਰ ਵੱਲੋਂ ਭਵਿੱਖ ਵਿੱਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਵਿੱਚ ਉਮੀਦਵਾਰ ਖੜ੍ਹੇ ਕੀਤੇ ਜਾਣ ਦੀ ਯੋਜਨਾ ਹੈ। ਇਸ ਦੇ ਨਾਲ ਹੀ ਅਗਲੀਆ ਫੈਡਰਲ ਚੋਣਾਂ ਤੱਕ ਬਰਨੀਅਰ ਆਪਣੇ 338 ਉਮੀਦਵਾਰਾਂ ਨੂੰ ਉਤਾਰਨ ਦੀ ਯੋਜਨਾ ਵੀ ਰੱਖਦੇ ਹਨ।

ਇਲੈਕਸ਼ਨਜ਼ ਕੈਨੇਡਾ ਅਨੁਸਾਰ ਬਰਨੀਅਰ ਵੱਲੋਂ ਪਾਰਟੀ ਨੂੰ ਰਜਿਸਟਰ ਕਰਨ ਲਈ ਦਿੱਤੀ ਗਈ ਅਰਜ਼ੀ ਵਿੱਚ, ਉਨ੍ਹਾਂ ਦੀ ਸਿਆਸੀ ਪਾਰਟੀ ਦਾ ਪੂਰਾ ਨਾਂ, ਜੇ ਕੋਈ ਲੋਗੋ ਹੈ ਤਾਂ ਉਸ ਦਾ ਵੇਰਵਾ, ਪਾਰਟੀ ਆਗੂ ਦਾ ਪੂਰਾ ਪਤਾ, ਪਾਰਟੀ ਦੇ ਮੁੱਖ ਆਫਿਸ ਦਾ ਪਤਾ, ਪਾਰਟੀ ਦੇ ਹੋਰਨਾਂ ਅਧਿਕਾਰੀਆਂ ਬਾਰੇ ਜਾਣਕਾਰੀ-ਜਿਵੇਂ ਕਿ ਆਡੀਟਰ, ਸਾਰਿਆਂ ਦੇ ਨਾਂ, ਪਤੇ ਤੇ ਪਾਰਟੀ ਦੇ ਮੈਂਬਰ 250 ਇਲੈਕਟਰਜ਼ ਦੇ ਦਸਤਖ਼ਤ ਆਦਿ ਸ਼ਾਮਲ ਹੋਣੇ ਚਾਹੀਦੇ ਹਨ।

ਇੱਕ ਵਾਰੀ ਫੈਡਰਲ ਇਲੈਕਸ਼ਨਜ਼ ਏਜੰਸੀ ਵੱਲੋਂ ਪੀਪਲਜ਼ ਪਾਰਟੀ ਨੂੰ ਫੈਡਰਲ ਪਾਰਟੀ ਵਜੋਂ ਰਜਿਸਟਰ ਕਰ ਲਏ ਜਾਣ ਤੋਂ ਬਾਅਦ ਪਾਰਟੀ ਜ਼ਿਮਨੀ ਚੋਣਾਂ ਜਾਂ ਜਨਰਲ ਚੋਣਾਂ ਵਿੱਚ ਆਪਣੇ ਉਮੀਦਵਾਰ ਖੜ੍ਹੇ ਕਰ ਸਕੇਗੀ। ਅਜੇ ਤੱਕ ਬਰਨੀਅਰ ਵੱਲੋਂ ਆਪਣੇ ਇਲਾਵਾ ਕਿਸੇ ਹੋਰ ਮੈਂਬਰ ਦਾ ਨਾਂ ਨਹੀਂ ਦੱਸਿਆ ਗਿਆ ਜਿਹੜਾ ਪੀਪਲਜ਼ ਪਾਰਟੀ ਦੇ ਬੈਨਰ ਹੇਠ ਚੋਣ ਲੜੇਗਾ। ਬਰਨੀਅਰ ਦਾ ਕਹਿਣਾ ਹੈ ਕਿ ਉਹ ਜਨਵਰੀ ਤੋਂ ਉਮੀਦਵਾਰਾਂ ਦੀ ਪੁਸ਼ਟੀ ਕਰਨੀ ਸ਼ੁਰੂ ਕਰਨਗੇ।

## ਬੀਸੀ ਵਿੱਚ ਪਾਈਪਲਾਈਨ ਵਿੱਚ ਹੋਏ ਧਮਾਕੇ ਤੋਂ ਬਾਅਦ ਸਥਿਤੀ ਕਾਬੂ ਹੇਠ

### ਇਲਾਕਾ ਵਾਸੀਆਂ ਨੂੰ ਘਰ ਪਰਤਣ ਦੀ ਦਿੱਤੀ ਗਈ ਇਜਾਜ਼ਤ

ਪ੍ਰਿੰਸ ਜੌਰਜ, ਬੀਸੀ, 10 ਅਕਤੂਬਰ (ਪੋਸਟ ਬਿਊਰੋ) : ਗੈਸ ਪਾਈਪਲਾਈਨ ਫਟ ਜਾਣ ਕਾਰਨ ਇਲਾਕਾ ਖਾਲੀ ਕਰਵਾਏ ਜਾਣ ਮਗਰੋਂ ਸਥਿਤੀ ਕਾਬੂ ਵਿੱਚ ਆਉਣ ਮਗਰੋਂ ਬੀਸੀ ਦੀ ਉੱਤਰੀ ਕਮਿਊਨਿਟੀ ਦੇ ਮੈਂਬਰਾਂ ਨੂੰ ਵਾਪਿਸ ਆਪਣੇ ਘਰਾਂ ਵਿੱਚ ਆਉਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਇਹ ਪਾਈਪਲਾਈਨ ਫਟਣ ਕਾਰਨ ਇੱਥੇ ਜ਼ਬਰਦਸਤ ਅੱਗ ਲੱਗ ਗਈ ਸੀ। ਆਰਸੀਐਮਪੀ ਦਾ ਕਹਿਣਾ ਹੈ ਕਿ ਧਮਾਕਾ ਮੰਗਲਵਾਰ ਸ਼ਾਮੀਂ 5:30 ਵਜੇ ਹੋਇਆ। ਜਿਸ ਕਾਰਨ ਨੇੜੇ ਹੀ ਸਥਿਤ ਲਹਿਦਲੀ ਤੈਨੇਹ ਫਰਸਟ ਨੇਸ਼ਨ ਦੇ 100 ਮੈਂਬਰਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ। ਅਧਿਕਾਰੀਆਂ ਨੇ ਦੱਸਿਆ ਕਿ ਇਹ ਪਾਈਪਲਾਈਨ ਪ੍ਰਿੰਸ ਜੌਰਜ ਤੋਂ 15 ਕਿਲੋਮੀਟਰ ਉੱਤਰਪੂਰਬ ਵਿੱਚ ਸਥਿਤ ਸ਼ੈਲੇ, ਬੀਸੀ ਵਿੱਚ ਸੀ। ਪੁਲਿਸ ਨੇ ਆਖਿਆ ਕਿ ਅਹਿਤਿਆਤ ਵਜੋਂ ਕਈ ਕਿਲੋਮੀਟਰ ਤੱਕ ਦਾ ਇਲਾਕਾ ਖਾਲੀ ਕਰਵਾ ਲਿਆ ਗਿਆ ਹੈ। ਪਰ ਹੁਣ ਸਥਾਨਕ ਵਾਸੀਆਂ ਨੂੰ ਘਰ ਪਰਤਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ।



ਉਨ੍ਹਾਂ ਇਹ ਵੀ ਦੱਸਿਆ ਕਿ ਪਾਈਪਲਾਈਨ ਤੋਂ ਇਲਾਵਾ ਹੋਰ ਕਿਸੇ ਕਿਸਮ ਦਾ ਕੋਈ ਨੁਕਸਾਨ ਨਹੀਂ ਹੋਇਆ। ਗੈਸ ਸਪਲਾਈ ਬੰਦ ਕਰ ਦਿੱਤੀ ਗਈ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਨੈਸ਼ਨਲ ਐਨਰਜੀ ਬੋਰਡ ਦੇ ਬੁਲਾਰੇ ਟੌਮ ਨਿਊਫੈਲਡ ਨੇ ਆਖਿਆ ਕਿ ਅੱਗ ਐਨਬ੍ਰਿੱਜ ਦੇ ਵੈਸਟਕੋਸਟ ਦੀ ਮੇਨਲਾਈਨ ਦੇ ਨਾਲ ਲੱਗੀ। ਵੈਸਟਕੋਸਟ ਟਰਾਂਸਮਿਸ਼ਨ ਸਿਸਟਮ ਵੈਸਟਰਨ ਕੈਨੇਡੀਅਨ ਸੈਡੀਮੈਂਟਰੀ ਬੇਸਿਨ ਵਿੱਚ ਤਿਆਰ ਕੁਦਰਤੀ ਗੈਸ ਨੂੰ ਬੀਸੀ ਤੇ ਇੱਕਦੂਜੇ ਨਾਲ ਜੁੜੀਆਂ ਪਾਈਪਲਾਈਨਜ਼ ਰਾਹੀਂ ਕੈਨੇਡਾ ਦੇ ਹੋਰਨਾਂ ਪ੍ਰੋਵਿੰਸਾਂ ਤੇ ਅਮਰੀਕਾ ਵਿੱਚ ਭੇਜਦਾ ਹੈ। ਮਾਮਲੇ ਦੀ ਉੱਚ ਪੱਧਰੀ ਜਾਂਚ ਕੀਤੀ ਜਾ ਰਹੀ ਹੈ।

## ਲਾਈਥਜ਼ਰ ਨੇ ਟੋਰਾਂਟੋ ਵਿੱਚ ਫਰੀਲੈਂਡ ਨਾਲ ਕੀਤੀ ਮੁਲਾਕਾਤ




ਟੋਰਾਂਟੋ, 10 ਅਕਤੂਬਰ (ਪੋਸਟ ਬਿਊਰੋ) : ਅਮਰੀਕਾ ਦੇ ਟਰੇਡ ਨੁਮਾਇੰਦੇ ਰੌਬਰਟ ਲਾਈਥਜ਼ਰ ਨੇ ਮੰਗਲਵਾਰ ਨੂੰ ਕੈਨੇਡਾ ਦੀ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਨਾਲ ਉਨ੍ਹਾਂ ਦੇ ਟੋਰਾਂਟੋ ਸਥਿਤ ਘਰ ਵਿੱਚ ਮੁਲਾਕਾਤ ਕੀਤੀ।

ਲਾਈਥਜ਼ਰ ਦੇ ਆਫਿਸ ਵੱਲੋਂ ਜਾਰੀ ਕੀਤੇ ਬਿਆਨ ਅਨੁਸਾਰ ਇੱਕ ਵਾਰੀ ਦੋਵੇਂ ਆਗੂ ਮੁੜ ਇਸ ਲਈ ਇੱਕਠੇ ਹੋਏ ਹਨ ਤਾਂ ਕਿ ਯੂਐਸ-ਮੈਕਸਿਕੋ-ਕੈਨੇਡਾ ਟਰੇਡ ਡੀਲ ਦੇ ਤਾਜ਼ਾ ਰੂਪ ਬਾਰੇ ਵਿਚਾਰ ਵਟਾਂਦਰਾ ਕੀਤਾ ਜਾ ਸਕੇ। ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਉਨ੍ਹਾਂ ਨੇ ਫਰੀਲੈਂਡ ਤੇ ਉਨ੍ਹਾਂ ਦੇ ਪਰਿਵਾਰ ਨਾਲ ਇੱਕਠਿਆਂ ਡਿਨਰ ਵੀ ਕੀਤਾ।

ਜ਼ਿਕਰਯੋਗ ਹੈ ਕਿ ਅਜੇ ਕੁੱਝ ਹਫਤੇ ਪਹਿਲਾਂ ਹੀ ਸਪਸ਼ਟ ਤੌਰ ਉੱਤੇ ਫਰੀਲੈਂਡ ਬਾਰੇ ਗੱਲ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਇਹ ਆਖਿਆ ਸੀ ਕਿ ਅਸੀਂ (ਕੈਨੇਡਾ ਦੇ) ਬਹੁਤੇ ਨੁਮਾਇੰਦਿਆਂ ਨੂੰ ਪਸੰਦ ਨਹੀਂ ਕਰਦੇ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਹ ਮੀਟਿੰਗ ਵਿਗੜੇ ਹੋਏ ਸਬੰਧਾਂ ਉੱਤੇ ਮਲ੍ਹਮ ਲਾਉਣ ਲਈ ਵੀ ਉਚੇਚੇ ਤੌਰ ਉੱਤੇ ਰੱਖੀ ਗਈ ਹੋਵੇਗੀ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
• ਗਰਦਨ ਦਰਦ • ਸਿਰਦਰਦ • ਕਮਰ ਦਰਦ
• ਡਿਸਕ ਦਾ ਦਰਦ • ਤੁਰਨ ਵੇਲੇ ਲੱਤਾਂ ਵਿੱਚ ਦਰਦ
• ਗੋਡਿਆਂ ਵਿੱਚ ਦਰਦ ਜਾਂ ਸੋਜ • ਪੱਸਲੀਆਂ ਦਾ ਦਰਦ
• ਅੱਡੀਆਂ ਦਾ ਦਰਦ • ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
○Automatic & Manual Trucks
● 1 on 1 Training
○Forklift Training
Forklift $79
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

# ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦਾ ਮੁਖੀ ਦਰਬਾਰ ਸਾਹਿਬ ਵਿਖੇ ਨਤ ਮਸਤਕ



ਕੈਨੇਡਾ ਦੀ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੇ ਆਗੂ ਤੇ ਕੰਜ਼ਰਵੇਟਿਵ ਪਾਰਟੀ ਦੇ ਮੁਖੀ ਐਂਡਰਿਊ ਸ਼ੀਅਰ ਨੂੰ ਸ੍ਰੀ ਹਰਿਮੰਦਰ ਸਾਹਿਬ ਪਹੁੰਚਣ ਉਤੇ ਐਸਜੀਪੀਸੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵਲੋਂ ਸਨਮਾਨਿਤ ਕੀਤਾ ਗਿਆ।

ਅੰਮ੍ਰਿਤਸਰ, 10 ਅਕਤੂਬਰ, (ਪੋਸਟ ਬਿਊਰੋ)- ਕੈਨੇਡਾ ਦੀ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੇ ਆਗੂ ਤੇ ਕੰਜ਼ਰਵੇਟਿਵ ਪਾਰਟੀ ਦੇ ਮੁਖੀ ਐਂਡਰਿਊ ਸ਼ੀਅਰ ਨੇ ਅੱਜ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਕੈਨੇਡਾ ਦੇ ਵਿਕਾਸ ਵਿਚ ਸਿੱਖਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਉਹ ਇਥੇ ਆਪਣੀ ਪਤਨੀ ਨਾਲ ਮੱਥਾ ਟੇਕਣ ਪੁੱਜੇ ਸਨ।

ਸ੍ਰੀ ਦਰਬਾਰ ਸਾਹਿਬ ਫੇਰੀ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਐਂਡਰਿਊ ਸ਼ੀਅਰ ਨੇ ਕਿਹਾ ਕਿ ਸਿੱਖ ਕੈਨੇਡਾ ਵਿਚ ਵੱਡੀ ਗਿਣਤੀ ਵਿਚ ਵੱਸਦੇ ਹਨ ਤੇ ਉਨ੍ਹਾਂ ਨੇ ਕੈਨੇਡਾ ਦੇ ਵਿਕਾਸ ਲਈ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖ ਮਿਲਵਰਤਣ ਵਾਲੇ ਲੋਕ ਹਨ। ਇਸ ਭਾਈਚਾਰੇ ਨੇ ਕੈਨੇਡਾ ਵਿਚ ਛੋਟੇ ਅਤੇ ਵੱਡੇ ਪੱਧਰ ਦੇ ਸਭ ਬਿਜ਼ਨਸ ਕਾਇਮ ਕੀਤੇ ਹਨ, ਜਿਸ ਨਾਲ ਉਥੇ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਵੀ ਮਿਲਦੇ ਹਨ। ਉਨ੍ਹਾਂ ਨੇ ਪੰਜਾਬੀਆਂ ਵੱਲੋਂ ਚਲਾਏ ਜਾਂਦੇ ਟੈਕਸੀ ਬਿਜ਼ਨਸ ਦਾ ਉਚੇਚਾ ਜ਼ਿਕਰ ਕੀਤਾ। ਪ੍ਰਵਾਸੀ ਨਿਯਮਾਂ ਬਾਰੇ ਉਨ੍ਹਾਂ ਕਿਹਾ ਕਿ ਵਿਸ਼ਵ ਭਰ ਦੇ ਵਿਦਿਆਰਥੀ ਕੈਨੇਡਾ ਵਿਚ ਪੜ੍ਹਨ ਲਈ ਆ ਰਹੇ ਹਨ, ਜੇ ਸਾਡੀ ਸਰਕਾਰ ਆਈ ਤਾਂ ਇਹ ਇਮੀਗਰੇਸ਼ਨ ਨਿਯਮ ਸੁਖਾਲੇ ਕੀਤੇ ਜਾਣਗੇ ਤਾਂ ਜੋ ਕੈਨੇਡਾ ਵਿਚ ਪੜ੍ਹਾਈ ਲਈ ਆਉਣ ਵਾਲਿਆਂ ਨੂੰ ਵਧੇਰੇ ਮੌਕੇ ਪੈਦਾ ਹੋ ਸਕਣ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਉਹ ਗਰਮ ਖਿਆਲੀਆਂ ਦੀਆਂ ਗਤੀਵਿਧੀਆਂ ਨਾਲ ਸਹਿਮਤ ਨਹੀਂ ਅਤੇ ਇਕਜੁਟ ਭਾਰਤ ਦੇ ਹੱਕ ਵਿਚ ਹਨ।

ਇਸ ਤੋਂ ਪਹਿਲਾਂ ਉਨ੍ਹਾਂ ਨੇ ਆਪਣੀ ਪਤਨੀ ਜ਼ਿਲ ਸ਼ੀਰ ਤੇ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਬੌਬ ਸਰੋਆ ਤੋਂ ਇਲਾਵਾ ਰਮੋਨਾ ਸਿੰਘ, ਬੌਬ ਦੋਸਾਂਝ ਅਤੇ ਬਿਕਰਮਜੀਤ ਸਿੰਘ ਚੱਕ ਅੱਲਾ ਬਖ਼ਸ਼ ਨਾਲ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਲੰਗਰ ਘਰ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਉਨ੍ਹਾਂ ਦਾ ਸੂਚਨਾ ਕੇਂਦਰ ਵਿਖੇ ਸਵਾਗਤ ਕੀਤਾ ਤੇ ਸਿਰੋਪਾਓ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਤੇ ਧਾਰਮਿਕ ਪੁਸਤਕਾਂ ਭੇਟ ਕੀਤੀਆਂ।

# ਬਰਗਾੜੀ ਬੇਅਦਬੀ ਕਾਂਡ ਵਿੱਚ ਸਾਬਕਾ ਪੁਲਸ ਮੁਖੀ ਸੁਮੇਧ ਸੈਣੀ ਵੀ ਹਾਈ ਕੋਰਟ ਜਾ ਪੁੱਜਾ

ਚੰਡੀਗੜ੍ਹ, 10 ਅਕਤੂਬਰ, (ਪੋਸਟ ਬਿਊਰੋ)- ਬਹੁ-ਚਰਚਿਤ ਬਰਗਾੜੀ ਕਾਂਡ ਦੀ ਜਾਂਚ ਅਤੇ ਅਗਲੀ ਕਾਰਵਾਈ ਦੇ ਰੌਲੇ ਦੌਰਾਨ ਅੱਜ ਪੰਜਾਬ ਪੁਲੀਸ ਦੇ ਸਾਬਕਾ ਮੁਖੀ ਸੁਮੇਧ ਸਿੰਘ ਸੈਣੀ ਵੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪੁੱਜ ਗਏ ਹਨ, ਪਰ ਉਨ੍ਹਾਂ ਦੀ ਅਰਜ਼ੀ ਜਨਤਕ ਨਹੀਂ ਹੋ ਸਕੀ।



ਦੱਸਿਆ ਗਿਆ ਹੈ ਕਿ ਸੁਮੇਧ ਸਿੰਘ ਸੈਣੀ ਨੇ ਦਾਇਰ ਪਟੀਸ਼ਨ ਦੇ ਵਿਸ਼ੇ ਨੂੰ ਪੂਰੀ ਤਰ੍ਹਾਂ ਗੁਪਤ ਰੱਖਣ ਦੀ ਕੋਸ਼ਿਸ਼ ਕੀਤੀ ਹੈ, ਪਰ ਭਰੋਸੇ ਯੋਗ ਸੂਤਰਾਂ ਅਨੁਸਾਰ ਪਟੀਸ਼ਨ ਵਿੱਚ ਸੁਮੇਧ ਸਿੰਘ ਸੈਣੀ ਨੇ ਹਾਈ ਕੋਰਟ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਵਿਰੁੱਧ ਲੱਗੇ ਦੋਸ਼ਾਂ ਦੀ ਜਾਂਚ ਪੰਜਾਬ ਪੁਲੀਸ ਤੋਂ ਨਾ ਕਰਵਾਈ ਜਾਵੇ, ਹਾਈ ਕੋਰਟ ਇਸ ਬਾਰੇ ਪੰਜਾਬ ਸਰਕਾਰ ਤੇ ਹੋਰ ਧਿਰਾਂ ਨੂੰ ਹਦਾਇਤਾਂ ਦੇਵੇ। ਸਮਝਿਆ ਜਾ ਰਿਹਾ ਹੈ ਕਿ ਸੈਣੀ ਨੇ ਆਪਣੇ ਵਿਰੁੱਧ ਜਾਂਚ ਕਿਸੇ ਨਿਰਪੱਖ ਏਜੰਸੀ ਕੋਲੋਂ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ ਤੇ ਉਹ ਏਜੰਸੀ ਸੀ ਬੀ ਆਈ ਹੋ ਸਕਦੀ ਹੈ।

ਵਰਨਣ ਯੋਗ ਹੈ ਕਿ ਪੰਜਾਬ ਪੁਲਸ ਦੇ ਸਾਬਕਾ ਮੁਖੀ ਸੁਮੇਧ ਸੈਣੀ ਦਾ ਨਾਂਅ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਵਿੱਚ ਸਾਹਮਣੇ ਆਇਆ ਹੈ। ਤਿੰਨ ਸਾਲ ਪਹਿਲਾਂ ਪੁਲੀਸ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਰੋਸ ਪ੍ਰਗਟ ਕਰਦੇ ਸ਼ਾਂਤਮਈ ਸਿੱਖਾਂ ਉੱਤੇ ਕੋਟਕਪੂਰਾ ਵਿੱਚ ਗੋਲੀ ਚਲਾ ਦਿੱਤੀ ਸੀ ਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਇਸ ਦੇ ਲਈ ਓਦੋਂ ਦੇ ਪੁਲੀਸ ਮੁਖੀ ਸੁਮੇਧ ਸੈਣੀ ਨੂੰ ਜ਼ਿੰਮੇਵਾਰ ਆਖਿਆ ਹੈ। ਇਸ ਘਟਨਾ ਲਈ ਸੈਣੀ ਦੇ ਨਾਲ ਜਾਂਚ ਕਮਿਸ਼ਨ ਨੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਡੀ ਆਈ ਜੀ ਅਮਰ ਸਿੰਘ ਚਾਹਲ ਅਤੇ ਤਿੰਨ ਐੱਸ ਐੱਸ ਪੀਜ਼ ਐੱਸ ਐੱਸ ਮਾਨ, ਚਰਨਜੀਤ ਸ਼ਰਮਾ ਅਤੇ ਰਘਬੀਰ ਸਿੰਘ ਦੇ ਨਾਲ ਦੋ ਗੰਨਮੈਨਾਂ ਨੂੰ ਦੋਸ਼ੀ ਮੰਨਿਆ ਹੈ।

## ਟਰੰਪ ਨੇ ਭੜਾਸ ਕੱਢਦਿਆਂ ਓਬਾਮਾ ਨੂੰ 'ਨਿਪੁੰਸਕ' ਕਿਹਾ

ਵਾਸ਼ਿੰਗਟਨ, 10 ਅਕਤੂਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਲਈ ਮੰਦੀ ਸ਼ਬਦੇ ਵਰਤਦੇ ਹੋਏ ਕਿਹਾ ਕਿ ਦੱਖਣੀ ਚੀਨ ਸਾਗਰ ਬਾਰੇ ਉਨ੍ਹਾਂ ਦਾ ਵਿਹਾਰ 'ਨਿਪੁੰਸਕ' ਜਿਹਾ ਸੀ। ਉਨ੍ਹਾਂ ਨੇ ਕਿਹਾ ਕਿ ਓਬਾਮਾ ਪ੍ਰਸ਼ਾਸਨ ਦੀ ਕਮਜ਼ੋਰੀ ਕਾਰਨ ਹੀ ਚੀਨ ਇਸ ਇਲਾਕੇ ਵਿੱਚ ਆਪਣੀ ਹਕੂਮਤ ਵਧਾਉਣ ਵਿੱਚ ਸਫਲ ਰਿਹਾ ਸੀ। ਟਰੰਪ ਨੇ ਕਿਹਾ ਕਿ ਓਬਾਮਾ ਪ੍ਰਸ਼ਾਸਨ ਦੀ ਇਸੇ ਕਮਜ਼ੋਰੀ ਦੇ ਕਾਰਨ ਚੀਨ ਅੱਜ ਅਮਰੀਕਾ ਲਈ ਚੁਣੌਤੀ ਬਣ ਕੇ ਖੜ੍ਹਾ ਹੈ।



ਇਸ ਦੌਰਾਨ ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਇਸ ਹਫਤੇ ਚੀਨੀ ਲੀਡਰਸ਼ਿਪ ਨਾਲ ਹੋਈ ਬੈਠਕ ਦੇ ਬਾਰੇ ਟਰੰਪ ਨੂੰ ਦੱਸਿਆ। ਇਸੇ ਤੋਂ ਕੁਝ ਘੰਟੇ ਬਾਅਦ ਅਮਰੀਕੀ ਰਾਸ਼ਟਰਪਤੀ ਨੇ ਇਹ ਟਿੱਪਣੀ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਵਿੱਚ ਟਰੰਪ ਨੇ ਕਿਹਾ ਕਿ ਓਬਾਮਾ ਸਰਕਾਰ ਦੱਖਣੀ ਚੀਨ ਸਾਗਰ ਬਾਰੇ ਕਮਜ਼ੋਰ ਸੀ। ਇਸੇ ਲਈ ਚੀਨ ਦੀ ਨੇਵੀ ਵਿਵਾਦਿਤ ਇਲਾਕੇ 'ਚ ਅਮਰੀਕਾ ਦੇ ਸਾਹਮਣੇ ਚੁਣੌਤੀ ਬਣ ਕੇ ਖੜ੍ਹੀ ਹੈ। ਵਰਨਣ ਯੋਗ ਹੈ ਕਿ ਦੱਖਣੀ ਚੀਨ ਸਾਗਰ ਬਾਰੇ ਚੀਨ ਦਾ ਵੱਖ-ਵੱਖ ਦੇਸ਼ਾਂ ਨਾਲ ਝਗੜਾ ਹੈ। ਪੂਰਬੀ ਸਾਗਰ ਬਾਰੇ ਉਸ ਦਾ ਜਾਪਾਨ ਨਾਲ ਵੀ ਵਿਵਾਦ ਚੱਲ ਰਿਹਾ ਹੈ। ਦੋਵੇਂ ਖੇਤਰ ਖਣਜ ਪਦਾਰਥਾਂ, ਤੇਲ ਤੇ ਹੋਰ ਕੁਦਰਤੀ ਸਾਧਨਾਂ ਵਾਲੇ ਹਨ। ਅਮਰੀਕਾ ਅਕਸਰ ਇਸ ਖੇਤਰ 'ਚ ਗਸ਼ਤ ਕਰਦਾ ਰਹਿੰਦਾ ਹੈ। ਇਸ ਖੇਤਰ 'ਤੇ ਆਪਣੇ ਕੰਟਰੋਲ ਸਥਾਪਿਤ ਕਰਨ ਲਈ ਚੀਨ ਨੇ ਕਈ ਟਾਪੂਆਂ 'ਤੇ ਆਪਣੀਆਂ ਫੌਜੀ ਚੌਕੀਆਂ ਸਥਾਪਿਤ ਕੀਤੀਆਂ ਹਨ।

## ਅਕਾਲੀ ਆਗੂ ਮਿੱਡੂ ਖੇੜਾ ਤੇ ਸਾਥੀਆਂ ਵਿਰੁੱਧ ਚੋਣ ਹਿੰਸਾ ਦਾ ਕੇਸ ਦਰਜ

ਮਲੋਟ, 10 ਅਕਤੂਬਰ (ਪੋਸਟ ਬਿਊਰੋ)- ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੌਰਾਨ ਅਕਾਲੀ ਉਮੀਦਵਾਰ ਵੱਲੋਂ ਇੱਕ ਪੁਲਸ ਥਾਣੇਦਾਰ ਦੀ ਬੇਇੱਜ਼ਤੀ ਕਰਨ, ਮੋਬਾਈਲ ਖੋਹਣ, ਡਿਊਟੀ 'ਚ ਵਿਘਨ ਪਾਉਣ ਅਤੇ ਧਮਕੀਆਂ ਦੇਣ ਦੇ ਦੋਸ਼ ਦੀ ਪੁਲਸ ਨੇ ਜਾਂਚ ਪਿੱਛੋਂ ਉਸ ਦੇ ਅਤੇ ਉਸ ਦੇ ਸਾਥੀਆਂ ਵਿਰੁੱਧ ਵੱਖ-ਵੱਖ ਧਾਰਾਵਾਂ ਦਾ ਪਰਚਾ ਦਰਜ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਪੁਲਸ ਦੇ ਸਹਾਇਕ ਥਾਣੇਦਾਰ ਸ਼ਮਸ਼ੇਰ ਸਿੰਘ ਨੇ ਆਬਜ਼ਰਵਰ ਵਿਨੀਤ ਕੁਮਾਰ ਆਈ ਏ ਐਸ ਨੂੰ ਸ਼ਿਕਾਇਤ ਕੀਤੀ ਸੀ ਕਿ ਚੋਣਾਂ ਵਾਲੇ ਦਿਨ 11 ਵਜੇ ਜਦੋਂ ਉਹ ਕਿੱਲਿਆਂਵਾਲੀ ਦੇ ਬੂਥ ਨੰਬਰ 48 ਉਪਰ ਡਿਊਟੀ ਕਰ ਰਿਹਾ ਸੀ ਤਾਂ ਅਕਾਲੀ ਉਮੀਦਵਾਰ ਤਜਿੰਦਰ ਸਿੰਘ ਮਿੱਢੂ ਖੇੜਾ ਆਪਣੇ 60-70 ਸਾਥੀਆਂ ਨਾਲ ਆਇਆ ਅਤੇ ਉਸ ਨਾਲ ਮਾੜਾ ਬੋਲ ਕੇ ਬੇਇੱਜ਼ਤੀ ਕੀਤੀ ਅਤੇ ਜ਼ਬਰਦਸਤੀ ਉਸ ਦਾ ਮੋਬਾਈਲ ਖੋਹ ਲਿਆ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਸ਼ਿਕਾਇਤ ਕਰਤਾ ਦਾ ਕਹਿਣਾ ਹੈ ਕਿ ਉਮੀਦਵਾਰ ਨੇ ਉਸ ਦੀ ਡਿਊਟੀ ਵਿੱਚ ਵਿਘਨ ਵੀ ਪਾਇਆ। ਇਸ ਬਾਰੇ ਆਬਜ਼ਰਵਰ ਨੇ ਸ਼ਿਕਾਇਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਐੱਮ ਕੇ ਅਰਵਿੰਦ ਕੁਮਾਰ ਨੂੰ ਦਿੱਤੀ, ਜਿਨ੍ਹਾਂ ਨੇ ਇਸ 'ਤੇ ਕਾਰਵਾਈ ਲਈ ਐੱਸ ਐੱਸ ਪੀ ਮਨਜੀਤ ਸਿੰਘ ਢੇਸੀ ਨੂੰ ਭੇਜ ਦਿੱਤਾ। ਪੁਲਸ ਅਧਿਕਾਰੀ ਨੇ ਇਸ ਸੰਬੰਧੀ ਡੀ ਏ ਲੀਗਲ ਦੀ ਸਲਾਹ 'ਤੇ ਤਜਿੰਦਰ ਸਿੰਘ ਮਿੱਡੂ ਖੇੜਾ ਅਤੇ ਉਸ ਦੇ 60-70 ਅਣਪਛਾਤੇ ਸਾਥੀਆਂ ਵਿਰੁੱਧ ਲੰਬੀ ਵਿਖੇ ਮੁਕੱਦਮਾ ਦਰਜ ਕਰ ਲਿਆ ਹੈ। ਇਸ ਮਾਮਲੇ 'ਚ ਮੁਲਜ਼ਮਾਂ ਦੀ ਗ੍ਰਿਫਤਾਰੀ ਅਜੇ ਬਾਕੀ ਹੈ।

## ਸਿੱਖ ਗੁਰੂਆਂ ਬਾਰੇ ਸੋਸ਼ਲ ਮੀਡੀਆ ਉਤੇ ਮਾੜੀ ਜਾਣਕਾਰੀ ਪਾਉਣ ਦੀ ਜਾਂਚ ਦਾ ਹੁਕਮ

ਚੰਡੀਗੜ੍ਹ, 10 ਅਕਤੂਬਰ (ਪੋਸਟ ਬਿਊਰੋ)- ਸਿੱਖ ਗੁਰੂਆਂ ਅਤੇ ਸਿੱਖ ਲਿਟਰੇਚਰ ਬਾਰੇ ਸੋਸ਼ਲ ਮੀਡੀਆ 'ਤੇ ਇਤਰਾਜ਼ ਵਾਲੀ ਸਮਗਰੀ ਪਾਉਣ ਵਿਰੁੱਧ ਇਕ ਪਟੀਸ਼ਨ ਉੱਤੇ ਹਾਈ ਕੋਰਟ ਦੇ ਜਸਟਿਸ ਗੁਰਵਿੰਦਰ ਸਿੰਘ ਗਿੱਲ ਦੀ ਬੈਂਚ ਨੇ ਰਾਜ ਸਰਕਾਰ ਨੂੰ ਇਸ ਬਾਰੇ ਸ਼ਿਕਾਇਤਾਂ ਦੀ ਗਹਿਰਾਈ ਨਾਲ ਜਾਂਚ ਕਰਨ ਦੀ ਹਦਾਇਤ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਅਧਿਕਾਰਤ ਵਿਅਕਤੀ ਜਗਤਾਰ ਸਿੰਘ ਰਾਹੀਂ ਇਕ ਪਟੀਸ਼ਨ ਪੇਸ਼ ਕਰਕੇ ਹਾਈ ਕੋਰਟ ਦਾ ਧਿਆਨ ਦਿਵਾਇਆ ਕਿ ਪਿਛਲੇ ਕੁਝ ਸਾਲਾਂ ਤੋਂ ਸਿੱਖਾਂ ਬਾਰੇ ਸੋਸ਼ਲ ਮੀਡੀਆ 'ਤੇ ਇਤਰਾਜ਼ ਯੋਗ ਤਸਵੀਰਾਂ ਜਾਂ ਲਿਖਤਾਂ ਪੋਸਟ ਕੀਤੀਆਂ ਗਈਆਂ ਅਤੇ ਅਜਿਹੀਆਂ ਗਲਤ ਕਾਰਵਾਈਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਸ਼੍ਰੋਮਣੀ ਕਮੇਟੀ ਨੇ ਪੰਜਾਬ ਪੁਲਸ ਕੋਲੋਂ ਕੀਤੀ ਸੀ, ਪਰ ਸ਼ਿਕਾਇਤਾਂ 'ਤੇ ਡੂੰਘਾਈ ਨਾਲ ਗੌਰ ਨਹੀਂ ਕੀਤਾ ਗਿਆ। ਹਾਈ ਕੋਰਟ ਨੇ ਪੁਲਸ ਨੂੰ ਹਦਾਇਤ ਕੀਤੀ ਹੈ ਕਿ ਇਨ੍ਹਾਂ ਸ਼ਿਕਾਇਤਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ।

# ਸੁਪਰੀਮ ਕੋਰਟ ਨੇ ਰਾਫ਼ਾਲ ਸੌਦੇ ਦੇ ਵੇਰਵੇ ਬੰਦ ਲਿਫ਼ਾਫੇ ਵਿੱਚ ਦੇਣ ਨੂੰ ਕਹਿ ਦਿੱਤਾ

### * ਫਰੈਂਚ ਸਾਈਟ ਵੱਲੋਂ ਰਿਲਾਇੰਸ ਨਾਲ ਸਾਂਝ ਦੀ ਸ਼ਰਤ ਦਾ ਖੁਲਾਸਾ

ਨਵੀਂ ਦਿੱਲੀ, 10 ਅਕਤੂਬਰ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਅੱਜ ਕੇਂਦਰ ਸਰਕਾਰ ਨੂੰ ਰਾਫ਼ਾਲ ਲੜਾਕੂ ਜਹਾਜ਼ਾਂ ਦੇ ਸੌਦੇ ਦੀ ਕੀਮਤ ਅਤੇ ਤਕਨੀਕੀ ਜਾਣਕਾਰੀ ਛੱਡ ਕੇ ਫ਼ੈਸਲਾ ਕਰਨ ਦੇ ਪ੍ਰੋਟੋਕੋਲ ਬਾਰੇ ਵੇਰਵੇ ਸੀਲਬੰਦ ਲਿਫ਼ਾਫੇ ਵਿਚ 29 ਅਕਤੂਬਰ ਤੱਕ ਵੇਰਵੇ ਸੌਂਪਣ ਦੇ ਨਿਰਦੇਸ਼ ਦਿੱਤੇ ਹਨ। ਕੇਂਦਰ ਸਰਕਾਰ ਨੇ ਅਪੀਲ ਕੀਤੀ ਸੀ ਕਿ ਜਹਾਜ਼ਾਂ ਦੇ ਮੁੱਦੇ ਨਾਲ ਸਿਆਸੀ ਲਾਭ ਲੈਣ ਲਈ ਜਨਹਿੱਤ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ।



ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠਲੇ ਬੈਂਚ, ਜਿਸ ਵਿਚ ਜਸਟਿਸ ਐਸ ਕੇ ਕੌਲ ਅਤੇ ਜਸਟਿਸ ਕੇ ਐਮ ਜੋਜ਼ੇਫ ਸ਼ਾਮਲ ਹਨ, ਨੇ ਪਟੀਸ਼ਨਾਂ ਵਿਚ ਉਠਾਏ ਇਤਰਾਜ਼ਾਂ ਨੂੰ ਬਹੁਤ ਹੱਦ ਤੱਕ ਨਾਕਾਫ਼ੀ ਕਰਾਰ ਦਿੰਦਿਆਂ ਸਪੱਸ਼ਟ ਕੀਤਾ ਕਿ ਅਦਾਲਤ ਦੋ ਜਨਹਿੱਤ ਪਟੀਸ਼ਨਾਂ ਉਤੇ ਕੋਈ ਨੋਟਿਸ ਜਾਰੀ ਨਹੀਂ ਕਰ ਰਹੀ, ਫ਼ੈਸਲਾ ਲੈਣ ਦੇ ਅਮਲ ਦੇ ਜਾਇਜ਼ ਹੋਣ ਬਾਰੇ ਤਸੱਲੀ ਕਰਨਾ ਚਾਹੁੰਦੀ ਹੈ। ਬੈਂਚ ਨੇ ਸਰਕਾਰ ਨੂੰ 29 ਅਕਤੂਬਰ ਤੱਕ ਜਾਣਕਾਰੀ ਪੇਸ਼ ਕਰਨ ਲਈ ਕਿਹਾ ਅਤੇ 31 ਅਕਤੂਬਰ ਤੱਕ ਸੁਣਵਾਈ ਮੁਲਤਵੀ ਕਰ ਦਿੱਤੀ।

ਇਸ ਤੋਂ ਪਹਿਲਾਂ ਅਦਾਲਤ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੂੰ ਪੁੱਛਿਆ, 'ਫ਼ਰਜ਼ ਕਰੋ ਅਸੀਂ ਤੁਹਾਨੂੰ (ਕੇਂਦਰ ਨੂੰ) ਸਿਰਫ਼ ਜੱਜਾਂ ਨੂੰ ਫ਼ੈਸਲਾ ਲੈਣ ਦੇ ਅਮਲ ਦੇ ਵੇਰਵੇ ਦੇਣ ਨੂੰ ਕਹਿੰਦੇ ਹਾਂ ਤਾਂ ਤੁਸੀਂ ਕੀ ਕਹੋਗੇ।' ਇਸ ਉੱਤੇ ਵੇਣੂਗੋਪਾਲ ਨੇ ਜਵਾਬ ਦਿੱਤਾ ਕਿ ਕੌਮੀ ਹਿੱਤ ਵਿਚ ਇਹ ਕਿਸੇ ਨੂੰ ਨਹੀਂ ਦਿਖਾਏ ਜਾ ਸਕਦੇ ਤੇ ਫ਼ੈਸਲਾ ਲੈਣ ਦੇ ਅਮਲ ਦੇ ਹੋਰ ਮੁੱਦੇ ਵੀ ਹਨ। ਬੈਂਚ ਨੇ ਪੁੱਛਿਆ, 'ਕੀ ਹੋਵੇਗਾ, ਜੇ ਅਸੀਂ ਤੁਹਾਨੂੰ ਜਹਾਜ਼ ਦੇ ਤਕਨੀਕੀ ਵੇਰਵੇ ਛੱਡ ਕੇ ਹੋਰ ਵੇਰਵੇ ਦੇਣ ਨੂੰ ਕਹੀਏ?' 15 ਮਿੰਟ ਦੀ ਕਾਰਵਾਈ ਦੌਰਾਨ ਬੈਂਚ ਨੇ ਵਕੀਲ ਐਮ ਐਲ ਸ਼ਰਮਾ ਅਤੇ ਵਿਨੀਤ ਢਾਂਡਾ ਅਤੇ ਵੇਣੂਗੋਪਾਲ ਦੀਆਂ ਦਲੀਲਾਂ ਸੁਣੀਆਂ। ਵੇਣੂਗੋਪਾਲ ਨੇ ਕਿਹਾ ਕਿ ਪਟੀਸ਼ਨਰਾਂ ਨੇ ਗਰੀਬਾਂ ਨਾਲ ਸਬੰਧਤ ਕੋਈ ਜਨਹਿੱਤ ਦਾ ਮੁੱਦਾ ਨਹੀਂ ਉਠਾਇਆ, ਸਗੋਂ ਇਨ੍ਹਾਂ ਪਟੀਸ਼ਨਾਂ ਵਿਚ ਉਹ ਚੋਣਵੇਂ ਸਵਾਲ ਸ਼ਾਮਲ ਕੀਤੇ ਹਨ, ਜਿਨ੍ਹਾਂ ਦਾ ਪਾਰਲੀਮੈਂਟ ਵਿਚ ਜਵਾਬ ਦਿੱਤਾ ਜਾ ਚੁੱਕਾ ਸੀ। ਉਨ੍ਹਾਂ ਕਿਹਾ ਕਿ ਚੋਣਾਂ ਦੇ ਸਾਲ ਵਿੱਚ ਸਿਆਸੀ ਲੜਾਈ ਚੱਲ ਰਹੀ ਹੈ ਤੇ ਇਸ ਸਮੇਂ ਪਟੀਸ਼ਨਾਂ ਸਵੀਕਾਰਨ ਨਾਲ ਇਨ੍ਹਾਂ ਦੀ ਸਿਆਸੀ ਵਰਤੋਂ ਹੋਵੇਗੀ ਅਤੇ ਇਹੋ ਜਿਹੇ ਫ਼ੈਸਲਿਆਂ ਦੀ ਨਿਆਂਇਕ ਪਰਖ ਨਹੀਂ ਕੀਤੀ ਜਾ ਸਕਦੀ। ਸ਼ਰਮਾ ਨੇ ਕਿਹਾ ਕਿ ਰਾਫ਼ਾਲ ਲੜਾਕੂ ਜਹਾਜ਼ਾਂ ਦੀ ਕੀਮਤ ਦਾ ਫਰਾਂਸ ਦੀ ਪਾਰਲੀਮੈਂਟ ਵਿਚ ਪਹਿਲਾਂ ਖੁਲਾਸਾ ਹੋ ਚੁੱਕਾ ਹੈ, ਜਿਸ ਕਰ ਕੇ ਕੇਂਦਰ ਦਾ ਸਟੈਂਡ ਬੇਤੁਕਾ ਹੈ।

ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਵੀ ਪਟੀਸ਼ਨ ਦਾਇਰ ਕਰ ਕੇ ਇਸ ਕੇਸ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਕਾਂਗਰਸ ਆਗੂ ਅਤੇ ਆਰ ਟੀ ਆਈ ਕਾਰਕੁਨ ਤਹਿਸੀਨ ਪੂਨਾਵਾਲਾ ਨੇ ਆਪਣੀ ਪਟੀਸ਼ਨ ਵਾਪਸ ਲੈ ਲਈ ਸੀ। ਦੂਸਰੇ ਪਾਸੇ ਫਰਾਂਸ ਵਿੱਚ ਰਾਫੇਲ ਡੀਲ ਬਾਰੇ ਰੋਜ਼ ਨਵੇਂ ਖੁਲਾਸੇ ਹੋ ਰਹੇ ਹਨ। ਅੱਜ ਮੀਡੀਆ ਦੀ ਇਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਦਸਾਲਟ ਏਵੀਏਸ਼ਨ ਕੋਲ ਰਿਲਾਇੰਸ ਡਿਫੈਂਸ ਨਾਲ ਸਮਝੌਤਾ ਕਰਨ ਤੋਂ ਬਿਨਾ ਕੋਈ ਹੋਰ ਬਦਲ ਨਹੀਂ ਸੀ। ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਦਸਾਲਟ ਤੋਂ ਇਲਾਵਾ ਹੋਰ ਦਸਤਾਵੇਜ਼ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ। 59 ਹਜ਼ਾਰ ਕਰੋੜ ਰੁਪਏ ਦੇ 36 ਰਾਫੇਲ ਲੜਾਕੂ ਜਹਾਜ਼ ਸੌਦੇ 'ਚ ਰਿਲਾਇੰਸ ਦਸਾਲਟ ਦੀ ਮੁੱਖ ਆਫਸੈਟ ਪਾਰਟਨਰ ਹੈ। ਫਰਾਂਸ ਦੀ ਇੰਵੈਸਟੀਗੇਟਿਵ ਵੈੱਬਸਾਈਟ ਮੀਡੀਆਪਾਰਟ ਮੁਤਾਬਕ ਉਨ੍ਹਾਂ ਕੋਲ ਮੌਜੂਦ ਦਸਾਲਟ ਦੇ ਕਾਗਜ਼ਾਂ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਉਸ ਕੋਲ ਰਿਲਾਇੰਸ ਨੂੰ ਪਾਰਟਨਰ ਚੁਣਨ ਤੋਂ ਬਿਨਾ ਕੋਈ ਬਦਲ ਨਹੀਂ ਸੀ। ਵਰਨਣ ਯੋਗ ਹੈ ਕਿ ਮੀਡੀਆਪਾਰਟ ਨੇ ਹੀ ਸਾਬਕਾ ਫਰਾਂਸੀਸੀ ਰਾਸ਼ਟਰਪਤੀ ਫਰਾਂਸਵਾ ਓਲਾਂਦ ਦੇ ਉਸ ਦਾਅਵੇ ਨੂੰ ਜਾਰੀ ਕੀਤਾ ਸੀ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਰਾਫੇਲ ਸੌਦੇ ਲਈ ਭਾਰਤ ਸਰਕਾਰ ਨੇ ਅਨਿਲ ਅੰਬਾਨੀ ਦੀ ਰਿਲਾਇੰਸ ਦਾ ਨਾਂ ਪ੍ਰਸਤਾਵਿਤ ਕੀਤਾ ਸੀ ਤੇ ਦਸਾਲਟ ਏਵੀਏਸ਼ਨ ਕੰਪਨੀ ਕੋਲ ਦੂਜਾ ਬਦਲ ਨਹੀਂ ਸੀ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452.0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing in:
• Collision • Custom Painting
• Mechanical Service
• Frame & Unibody Repair
• Insurance Claims Welcome
Inderjit Singh Lic. Auto Body Technician/Lic. Mec.
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੈਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $541,800
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਉਨ ਹਾਉਸ, ਕੁਆਰਟਜ਼ ਕਾਉਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੁਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੁਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੁਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਸੰਸਾਰ ਵਿਚ ਸ਼ਾਂਤੀ ਬਾਰੇ ਕਰਵਾਇਆ ਸਮਾਗਮ ਸਮਾਪਤ






ਬੀਤੇ ਦਿਨੀਂ ਸਾਲਾਨਾ ਸਮਾਗਮ ਬੜੀ ਧੂੰਮ ਧਾਮ ਨਾਲ ਲਾਈਟ ਪ੍ਰੈਸਬਟੇਰੀਅਨ ਚਰਚ ਐਡੀਟੋਰੀਅਮ ਅੰਦਰ ਮਨਾਇਆ ਗਿਆ।

ਜਿਸਦਾ ਵਿਸ਼ਾ ਸੀ ਸੰਸਾਰ ਵਿਚ ਸ਼ਾਂਤੀ ਕਾਇਮ ਕਰਨਾ ਤੇ ਰਾਜਨੀਤੀ ਵਿਚ ਨੈਤਿਕਤਾ। ਏਸ ਵਾਰ ਫ਼ੰਕਸ਼ਨ ਅੰਦਰ ਨਵਜੀਵਨ ਕਮੂਨਿਟੀ ਚਰਚ, ਕਲਸਾਈਨ ਪ੍ਰੋਡਕਸਨ, ਓਂਟਾਰੀਓ ਫਰੈਂਡਜ਼ ਕਲੱਬ , ਪੰਜਾਬੀ ਬਿਜ਼ਨਸਮੈਨ ਅਸੋਸੀਏਸ਼ਨ ਵਰਗੀਆਂ ਸੰਸਥਾਵਾਂ ਨੇ ਵਧ ਚੜ੍ਹ ਕੇ ਭਾਗ ਲਿਆ। ਠੀਕ 3 ਵਜੇ ਸ਼ਾਮ, ਮਹਿਮਾਨਾ ਦਾ ਸਵਾਗਤ ਕੀਤਾ ਗਿਆ ਅਤੇ ਇਸ ਸਮਾਗਮ ਦਾ ਉਦਘਾਟਨ ਸ੍ਰ ਰਵਿੰਦਰ ਸਿੰਘ ਕੰਗ ਪ੍ਰਧਾਨ ਓਂਟਾਰੀਓ ਫਰੈਂਡਜ਼ ਕਲੱਬ ਨੇ ਫੀਤਾ ਕੱਟ ਕੇ ਕੀਤਾ। ਫੋਟੋ ਅਤੇ ਵਿਡੀ ਗਰਾਫ਼ੀ, ਮਹਾਨ ਪ੍ਰੋਡੂਸਰ ਫਲੋਟੋਗ੍ਰਾਫ਼ਰ ਨਿਰਮਲ ਸਿੰਘ ਨੇ ਸਿਰੇ ਚੜ੍ਹਾਈ। ਸਾਇਕ ਕੈਮਰਾ ਅਤੇ ਫੋਟੋਗਰਾਫ਼ੀ ਕੈਲਸਾਈਨ ਪ੍ਰੋਡਕਸ਼ਨ ਦੇ ਸ: ਦੀਦਾਰ ਸਿੰਘ ਜੀ ਨੇ ਨਿਭਾਈ।

ਸ਼ੁਰੂਆਤੀ ਰਸਮ 5 ਮੋਮ ਬੱਤੀਆਂ ਜਿਲਾ ਕੇ ਸੰਸਾਰ ਦੀ ਸ਼ਾਂਤੀ ਲਈ ਚਰਚ ਮਨਿ-ਸਟਰ ਰਲਫ਼ ਵੀਲਨ ਸਾਹਿਬ ਦੀ ਪ੍ਰਾਰਥਨਾ ਨਾਲ ਕੀਤੀ ਗਈ। ਜੋ ਆਉਣ ਵਾਲੇ ਸਮੇ ਅੰਦਰ ਪੀਸ ਆਨ ਅਰਥ ਸੰਸਥਾ ਦੇ ਸਹਿਯੋਗੀ ਹੋਣਗੇ। ਪਾਸਟਰ ਪ੍ਰਕਾਸ਼ ਮਸਹੀਂ ਨੇ ਸਾਰੇ ਮਹਹਿਮਾਨਾ ਦਾ ਸਵਾਗਤ ਕੀਤਾ ਤੇ ਪ੍ਰੋਗਰਾਮ ਅਰੰਭ ਕੀਤਾ ਗਿਆ। ਸਾਰੇ ਸਮਾਗਮ ਅੰਦਰ ਸ਼ਾਂਤੀ ਦਾ ਮਹੌਲ ਕਾਇਮ ਸੀ। ਸਭ ਤੋ ਪਹਿਲੋ ਡਾ: ਰਮਨੀ ਬਤਰਾਨ ਜੀ ਨੇ ਅਪਣਾ ਭਾਸ਼ਨ ਦਿਤਾ ਕਿ ਸੰਸਾਰ ਅੰਦਰ ਅਮਨ ਦੀ ਕਿੰਨੀ ਸਖ਼ਤ ਲੋੜ ਹੈ ਅਤੇ ਰਮਨੀ ਬਤਰਾ ਨੇ ਪੀਸ ਆਨ ਅਰਥ ਸੰਸਥਾ ਬਾਰੇ ਜਾਣਕਾਰੀ ਦਿੱਤੀ ਅਤੇ ਸੰਸਥਾ ਵਲੋਂ ਕਰਵਾਏ ਜਾ ਚੁੱਕੇ ਸਮਾਗਮਾਂ ਬਾਰੇ ਦੱਸਿਆ। ਸਟੇਜ਼ ਦਾ ਸੰਚਾਲਨ ਸੰਤੋਖ ਸਿੰਘ ਸੰਧੂ ਨੇ ਕੀਤਾ, ਇਸ ਮੌਕੇ ਵਿਸ਼ਵ ਪੰਜਾਬੀ ਕਾਨਫਰੰਸ ਕੈਨੇਡਾ ਦੇ ਚੇਅਰਮੈਨ ਅਜੈਬ ਸਿੰਘ ਚੱਠਾ ਦੀਆਂ ਪ੍ਰਾਪਤੀਆਂ ਬਾਰੇ ਡਾਕੂਮੈਂਟਰੀ ਦਿਖਾਈ ਗਈ, ਜਿਸ ਵਿਚ ਦਿਖਾਇਆ ਗਿਆ ਕਿ ਉਨ੍ਹਾਂ ਦੀ ਟੀਮ ਨੇ ਨੈਤਿਕਤਾ ਲਈ ਕਿੰਨੀ ਸ਼ਿੱਦਤ ਨਾਲ ਕੰਮ ਕੀਤਾ ਅਤੇ ਨੈਤਿਕਤਾ ਦੀ ਮੁਹਿੰਮ ਨੂੰ ਕਈ ਦੇਸ਼ਾਂ ਵਿਚ ਚਲਾਇਆ। ਡਾਕੂਮੈਂਟਰੀ ਬੜੀ ਅਸਰ ਭਰਪੂਰ ਸੀ। ਨੈਤਿਕਤਾ ਬਾਰੇ ਸਾਲਾਂ ਬਧੀ ਯਤਨ ਅਨੁਸਾਰ ਅੱਜ ਪੰਜਾਬ ਅੰਦਰ ਸਕੂਲ ਬੋਰਡ ਨੇ ਫੈਸਲਾ ਕਰ ਲਿਆ ਹੈ ਕਿ ਅਉਣ ਵਾਲੇ ਸਾਲ ਅੰਦਰ ਨੈਤਿਕਤਾ 6-10 ਗ੍ਰੇਡ ਦੇ ਬੱਚਿਆਂ ਨੂੰ ਨੈਤਿਕਤਾ ਅੀਧਅਨ ਦੇ ਤੌਰ ਤੇ ਪੜ੍ਹਾਈ ਜਾਵੇਗੀ। ਚੇਅਰਮੈਨ ਅਜੈਬ ਸਿੰਘ ਚੱਠਾ ਨੇ ਡਾ ਐਸ: ਨਾਜ਼ ਨੂੰ ਸਦਾ ਦੇਣ ਤੋ ਪਹਿਲੋਂ ਪੰਜ ਮਿੰਟ ਡਾ:ਨਾਜ਼ ਨੂੰ ਮਹਿਮਾਨਾ ਅੰਦਰ ਮੁਲਾਕਾਤੀ ਤੌਰ ਅਪਣੇ ਤਾਰੀਫ਼ੀ ਸ਼ਬਦਾਂ ਨਾਲ ਰੂਬਰੂ ਕੀਤਾ। ਸਾਰੇ ਭਰਪੂਰ ਸਮਾਗਮ ਅੰਦਰ, ਏਸ ਦਿਨ ਦੀ ਮਹਾਨ ਚਮਕ ਇਹ ਸੀ ਕਿ ਪਾਸਟਰ ਪ੍ਰਕਾਸ਼ ਮਸੀਹ ਜੀ ਨੂੰ ਇੱਕ ਪਲੈਕ ਦੇ ਕੇ ਨਿਵਾ-ਜਆ ਗਿਆ। ਸਰਦੂਲ ਸਿੰਘ ਥਿਆੜਾ, ਪਾਠਕ ਜੀ, ਵਿਪਨਦੀਪ ਸਿੰਘ ਮਹਿਰੋਕ ਵਕੀਲ ਅਤੇ ਕਰਨ ਅਜੈਬ ਸਿੰਘ ਸੰਘਾ ਨੇ ਵੀ ਆਪਣੇ ਆਪਣੇ ਵਿਚਾਰ ਦਿੱਤੇ।

ਅਖੀਰ ਵਿਚ ਡਾ ਸੋਲਮੋਨ ਨਾਜ਼ ਸਾਹਿਬ ਨੇ ਵਿਸਥਾਰ ਨਾਲ ਸੰਸਾਰ ਵਿਚ ਸ਼ਾਂਤੀ ਕਾਇਮ ਕਰਨ ਦੀ ਜਰੂਰਤ ਅਤੇ ਢੰਗ ਤਰੀਕਿਆਂ ਬਾਰੇ ਦੱਸਿਆ। ਸਮਾਗਮ ਤੋਂ ਬਾਅਦ ਵਿਚ ਚਾਹ ਪਾਣੀ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਫਕੀਰ ਗਿੱਲ ਜੀ, ਸੁਰਮਈਆ ਗਿੱਲ, ਅਜਵਿੰਦਰ ਸਿੰਘ ਚੱਠਾ, ਸੁਮੀਤ ਕੌਰ, ਅਜਮੀਤ ਸਿੰਘ ਚੱਠਾ, ਬਲਵਿੰਦਰ ਕੌਰ ਚੱਠਾ, ਸੰਜੀਤ ਸਿੰਘ, ਗਗਨਦੀਪ ਕੌਰ ਚੱਠਾ, ਅਮਨਦੀਪ ਸਿੰਘ ਸੰਧੂ, ਰੁਪਿੰਦਰ ਕੌਰ ਸੰਧੂ, ਰਵਿੰਦਰ ਸਿੰਘ ਪ੍ਰਧਾਨ ਪੱਬਪਾ, ਸੂਰਜ ਸਿੰਘ ਚੌਹਾਨ, ਸੁੰਦਰਪਾਲ ਰਾਜਾਸੰਸੀ, ਮੀਤ ਖੰਨਾ, ਨਰਿੰਦਰ ਸਿੰਘ ਢੀਂਡਸਾ, ਜਸਵਿੰਦਰ ਸਿੰਘ ਢੀਂਡਸਾ, ਅਤੁਲ ਮਹਿਰਾ ਸਾਹਰ ਸਿੰਘ ਚੌਹਾਨ ਅਤੇ ਭਾਰੀ ਗਿਣਤੀ ਵਿਚ ਚਰਚ ਦੇ ਬੰਦੇ ਹਾਜ਼ਿਰ ਸਨ।

# ਮੇਅਰ ਉਮੀਦਵਾਰ ਪੈਟਰਿਕ ਬਰਾਊਨ ਵੋਟਾਂ ਲਈ ਦਰਸ਼ਨ ਚਤਰਥ ਦੇ ਘਰ ਆਇਆ



ਬਰੈਂਪਟਨ: (ਖਬਰਨਾਮਾ) ਸ਼ੁਕਰਵਾਰ ਦੀ ਸ਼ਾਮ ਨੂੰ ਸਿਟੀ ਆਫ ਬਰੈਂਪਟਨ ਤੋਂ ਮੇਅਰ ਦੀ ਚੋਣ ਲੜਨ ਦਾ ਉਮੀਦਵਾਰ ਪੈਟਰਿਕ ਬਰਾਊਨ ਵੋਟਾਂ ਲਈ 9026 ਕਰੈਡਿਟ ਵਿਊ ਰੋਡ ਤੇ ਦਰਸ਼ਨ ਸਿੰਘ ਚਤਰਥ ਦੇ ਘਰ ਆਇਆ। ਦਰਸ਼ਨ ਚਤਰਥ ਦੇ ਵਡੇ ਘਰ ਵਿਚ ਪੈਟਰਿਕ ਬਰਾਊਨ ਦੇ ਔਣ ਆਦਰ ਵਿਚ ਇਕ ਵਡਾ ਇਕਠ ਕੀਤਾ ਗਿਆ। ਪਰਵਾਰ ਵਿਚੋਂ ਸਰਦਾਰ ਗੁਰਿੰਦਰ ਸਿੰਘ ਚਤਰਥ, ਸ੍ਰੀ ਜੇ. ਡੀ. ਚਤਰਥ, ਨਿੱਕੀ ਸੇਤੀਆ, ਦੇਵਿੰਦਰ ਸੇਤੀਆ, ਦਰਸ਼ਨ ਚਤਰਥ, ਨਿਸ਼ੀ ਚਤਰਥ, ਮੋਨਿਕਾ ਚਤਰਥ, ਗੋਵਿੰਦ ਚਤਰਥ, ਪੱਤਰਕਾਰ ਸਤਪਾਲ ਸਿੰਘ ਜੌਹਲ, ਸੁਰਜੀਤ ਕੰਵਰ, ਭੁਪਿੰਦਰ ਸਿੰਘ ਚੀਮਾ, ਜਸਬੀਰ ਸਿੰਘ ਨਾਮਧਾਰੀ, ਲੇਖਕ ਹਰਚੰਦ ਸਿੰਘ ਬਾਸੀ, ਚਰਨਜੀਤ ਸਿੰਘ ਸੋਹਲ, ਸਪੋਰਟਸਮੈਨ ਬਲਵਿੰਦਰ ਬਰਾੜ ਅਤੇ ਅਨੇਕਾਂ ਹੋਰ ਲੋਕ ਸ਼ਾਮਲ ਹੋਏ। ਇਸ ਮੌਕੇ ਹੋਸਟ ਵੱਲੋਂ ਮੇਅਰ ਉਮੀਦਵਾਰ ਪੈਟਰਿਕ ਬਰਾਊਨ ਦੇ ਔਣ ਆਦਰ ਵਿਚ ਦਿਲਕਸ਼ ਖਾਣਿਆਂ ਦਾ ਇਕ ਡਿਨਰ ਪੇਸ਼ ਕੀਤਾ ਗਿਆ। ਬਲਬੀਰ ਮੋਮੀ ਨੇ ਪੈਟਰਿਕ ਬਰਾਊਨ ਦੀ ਇੰਟਰੋ ਦਿਤੀ। ਪੈਟਰਿਕ ਬਰਾਊਨ ਨੇ ਬਰੈਂਪਟਨ ਦਾ ਮੇਅਰ ਬਨਣ ਤੇ ਕਈ ਯੋਜਨਾਵਾਂ ਦਾ ਜ਼ਿਕਰ ਕੀਤਾ ਜਿਸ ਵਿਚ ਬਰੈਂਪਟਨ ਵਿਚ ਯੂਨੀਵਰਸਿਟੀ ਖੋਲ੍ਹਣਾ ਵੀ ਸ਼ਾਮਲ ਹੈ। ਪੈਟਰਿਕ ਬਰਾਊਨ ਨੇ ਇਹ ਵੀ ਕਿਹਾ ਕਿ ਬਰੈਂਪਟਨ ਵਿਚ ਜੁਰਮਾਂ ਦੀ ਰੋਕ ਥਾਮ ਲਈ ਨਵੇਂ ਕਦਮ ਚੁਕੇ ਜਾਣਗੇ, ਟੈਕਸ ਘਟਾਏ ਜਾਣਗੇ, ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ।

## ਭਾਈ ਵਰਿਆਮ ਸਿੰਘ ਜੀ ਬਰਸੀ ਦੇ ਸੰਬੰਧ 'ਚ ਅਖੰਠ ਪਾਠ ਭਲਕ ਤੋਂ

ਪਿੰਡ ਖੁਰਦ ਪੁਰ ਅਤੇ ਫਤਿਹ ਪੁਰ ਦੀ ਸੰਗਤ ਵਲੋ ਭਾਈ ਵਰਿਆਮ ਸਿੰਘ ਜੀ ਦੀ ਸਲਾਨਾ ਬਰਮੀ ਓਨਟੇਰੀਓ ਖਾਲਸਾ ਦਰਬਾਰ ਵਿਖੇ ਮਨਾਈ ਜਾ ਰਹੀ ਹੈ। 12 ਅਕਤੂਬਰ ਨੂੰ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਜਾ ਰਹੇ ਹਨ ਅਤੇ 14 ਅਕਤੂਬਰ ਨੂੰ ਭੋਗ ਪਾਏ ਜਾਣਗੇ, ਉਪਰੰਤ ਕੀਰਤਨ ਦਰਬਾਰ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮੂਹ ਇਲਾਕਾ ਨਿਵਾਸੀਆਂ ਨੂੰ ਪਰਿਵਾਰਾਂ ਸਮੇਤ ਆਉਣ ਦੀ ਬੇਨਤੀ ਕੀਤੀ ਜਾਂਦੀ ਹੈ।

ਜਿਆਦਾ ਜਾਣਕਾਰੀ ਲਈ ਫੋਨ ਕਰ ਸਕਦੇ ਹੋ
ਜਗਰੂਪ ਸਿੰਘ (416) 803-2463
ਅਮਰੀਕ ਸਿੰਘ (905) 612-8176

# ਸੀਨੀਅਰਜ਼ ਐਸੋਸੀਏਸ਼ਨ ਦੀ ਜਨਰਲ ਬਾਡੀ ਦੀ ਮੀਟਿੰਗ ਹੋਈ, ਲਏ ਅਹਿਮ ਫੈਸਲੇ





ਬਰੈਂਪਟਨ (ਹਰਜੀਤ ਬੇਦੀ):ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਆਫ ਬਰੈਂਪਟਨ ਦੀ ਜਨਰਲ ਬਾਡੀ ਮੀਟਿੰਗ ਪਰਮਜੀਤ ਬੜਿੰਗ ਦੀ ਪ੍ਰਧਾਨਗੀ ਹੇਠ ਹੋਈ। ਚਾਹ ਪਾਣੀ ਤੋਂ ਬਾਦ ਮੀਟਿੰਗ ਸ਼ੁਰੂ ਕਰਦਿਆਂ ਬਲਵਿੰਦਰ ਬਰਾੜ ਨੇ ਆਏ ਹੋਏ ਮੈਂਬਰਾਂ ਨੂੰ ਜੀ ਆਇਆਂ ਕਿਹਾ। ਉਹਨਾਂ ਇਕਬਾਲ ਸਿੰਘ ਵਿਰਕ ਦੇ ਨਵ-ਜਨਮੇ ਪੋਤਰੇ ਦੀ ਐਸੋਸੀਏਸ਼ਨ ਵਲੋਂ ਵਿਰਕ ਪਰਿਵਾਰ ਨੂੰ ਵਧਾਈ ਦਿੱਤੀ। ਇਕਬਾਲ ਸਿੰਘ ਵਿਰਕ ਵਲੋਂ ਮੈਂਬਰਾਂ ਨਾਲ ਖੁਸੀ ਸਾਂਝੀ ਕਰਨ ਲਈ ਉਹਨਾਂ ਦਾ ਮੂੰਹ ਮਿੱਠਾ ਕਰਵਾਇਆ। ਇਸ ਉਪਰੰਤ ਏਜੰਡੇ ਮੁਤਾਬਕ ਬਾਕਾਇਦਾ ਮੀਟਿੰਗ ਸ਼ੁਰੂ ਕੀਤੀ ਗਈ। ਮੀਟਿੰਗ ਵਿੱਚ ਪਰਧਾਨ ਪਰਮਜੀਤ ਬੜਿੰਗ ਨੇ ਪਿਛਲੇ ਦਿਨੀਂ ਐਮ ਪੀਜ਼ ਸੋਨੀਆਂ ਸਿੱਧੂ ਅਤੇ ਰੂਬੀ ਸਹੋਤਾ ਨਾਲ ਹੋਈਆਂ ਮੀਟਿੰਗਾ ਦੀ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਦੋ ਮੰਗਾਂ ਨੂੰ ਛੱਡ ਕੇ ਬਾਕੀ ਲਈ ਉਹਨਾਂ ਦਾ ਹੁੰਗਾਰਾ ਉਤਸ਼ਾਹਜਨਕ ਸੀ। ਦੋ ਮੰਗਾ ਪੀ ਆਰ 5 ਸਾਲ ਦੀ ਥਾਂ 10 ਸਾਲ ਵਾਸਤੇ ਉਹਨਾਂ ਦਾ ਤਰਕ ਸੀ ਕਿ ਇਹ ਰੈਜ਼ੀਡੈਂਸ ਚੈਕ ਕਰਨ੍ਹ ਲਈ ਜਰੂਰੀ ਹੈ।ਇਸ ਮੰਗ ਤੇ ਕਿ ਜਿਨ੍ਹਾ ਮਾਪਿਆਂ ਦੇ ਸਾਰੇ ਬੱਚੇ ਕਨੇਡਾ ਵਿੱਚ ਹਨ ਮਾਤਾ ਪਿਤਾ ਨੂੰ ਪਹਿਲ ਦੇ ਆਧਾਰ ਤੇ ਪੀ ਆਰ ਦੇਣ ਬਾਰੇ ਉਹਨਾਂ ਕਿਹਾ ਕਿ ਹੁਣ ਕੋਟਾ 20 ਹਜ਼ਾਰ ਕਰ ਦਿੱਤਾ ਹੈ ਤੇ 2019 ਤੋਂ ਲਾਟਰੀ ਸਿਸਟਮ ਬੰਦ ਹੋਵੇਗਾ।

ਇੰਡੀਆ ਦੇ ਪੈਨਸ਼ਨਰਾਂ ਲਈ ਜਾਣਕਾਰੀ ਦਿੰਦੇ ਦੱਸਿਆ ਗਿਆ ਕਿ ਲਾਈਫ ਸਾਰਟੀਫਿਕੇਟਾਂ ਲਈ 3 ਨਵੰਬਰ ਨੂੰ ਹਿੰਦੂ ਸਭਾ ਮੰਦਰ ਗੋਰ ਰੋਡ ਅਤੇ 10 ਨਵੰਬਰ ਨੂੰ ਮੇਅ-ਫੀਲਡ ਗੁਰਦੁਆਰਾ ਏਅਰਪੋਰਟ ਰੋਡ ਤੇ 10 ਵਜੇ ਤੋਂ 2 ਵਜੇ ਤੱਕ ਕੈਂਪ ਲੱਗ ਰਹੇ ਹਨ। ਕਲੱਬਾਂ ਨੂੰ ਇਹ ਬੇਨਤੀ ਕੀਤੀ ਗਈ ਕਿ ਫਿਊਨਰਲ ਦੀ ਰਜਿਸਟਰੇਸ਼ਨ ਲਈ ਫਾਰਮ ਜਲਦੀ ਜਮ੍ਹਾਂ ਕਰਵਾ ਦਿਤੇ ਜਾਣ ਤਾਂ ਕਿ ਐਸੋਸੀਏਸ਼ਨ ਦੇ ਰਜਿਸਟਰ ਵਿੱਚ ਦਰਜ਼ ਕਰ ਕੇ ਫਿਊਨਰਲ ਹੋਮ ਨੂੰ ਭੇਜੇ ਜਾ ਸਕਣ। ਫਲਾਵਰ ਸਿਟੀ ਵਿੱਚ 6 ਨਵੰਬਰ ਨੂੰ ਵਾਇਸ-ਪਰੈਜ਼ੀਡੈਂਟ ਦੀ ਚੋਣ ਲਈ ਐਸੋਸੀਏਸ਼ਨ ਵਲੋਂ ਅਮਰੀਕ ਸਿੰਘ ਕੁਮਰੀਆ ਉਮੀਦਵਾਰ ਹਨ। ਸਾਰੇ ਮੈਂਬਰਾਂ ਨੂੰ ਉਹਨਾਂ ਦੀ ਪੁਰ-ਜੋਰ ਹਮਾਇਤ ਲਈ ਬੇਨਤੀ ਕੀਤੀ ਗਈ ਕਿ ਇਸ ਵਾਸਤੇ ਉਹਨਾਂ ਕਲੱਬਾਂ ਤੱਕ ਪਹੁੰਚ ਕੀਤੀ ਜਾਵੇ ਜਿਹੜੇ ਅਜੇ ਤੱਕ ਐਸੋਸੀਏਸ਼ਨ ਦਾ ਭਾਗ ਨਹੀਂ ਹਨ। ਇਸ ਦੇ ਨਾਲ ਹੀ ਇਹ ਸੁਝਾਂਅ ਦਿੱਤਾ ਗਿਆ ਕਿ 6 ਨਵੰਬਰ ਤੋਂ ਪਹਿਲਾਂ ਇੰਡੀਆ ਜਾਣ ਵਾਲੇ ਪਰਧਾਨ ਆਪਣੇ ਕਲੱਬ ਦੇ ਦੋ ਅਹੁਦੇਦਾਰਾਂ ਨੂੰ ਸਿਟੀ ਵਿੱਚ ਵੋਟ ਦਾ ਅਧਿਕਾਰ ਪੱਤਰ ਦੇ ਕੇ ਜਾਣ।

ਇਸ ਤੋਂ ਬਾਦ ਇੰਡੀਆ ਜਾਣ ਵਾਲੇ ਮੈਂਬਰਾਂ ਲਈ ਉੱਥੇ ਜਾਕੇ ਸਾਵਧਾਨੀਆਂ ਵਰਤਣ ਬਾਰੇ ਚਰਚਾ ਕੀਤੀ ਗਈ। ਜਾਣ ਸਮੇਂ ਲੋੜੀਂਦੇ ਕਾਗਜਾਤ ਜਿਵੇਂ ਪਾਸਪੋਰਟ ਅਤੇ ਓ ਸੀ ਆਈ ਵਗੈਰਾ ਚੈੱਕ ਕਰਨਾ, ਉੱਥੇ ਜਾਕੇ ਪਾਣੀ ਉਬਾਲਕੇ ਪੀਣਾ, ਦੁੱਧ ਅਤੇ ਦੁੱਧ ਤੋਂ ਬਣੀਆਂ ਚੀਜਾਂ ਦੀ ਵਰਤੋਂ ਤੋਂ ਪਰਹੇਜ਼, ਪੈਸੇ ਦੇ ਲੈਣ ਦੇਣ ਵੇਲੇ ਚੌਕਸੀ, ਸੁਵਖਤੇ ਅਤੇ ਸੁੰਨੀਆਂ ਥਾਵਾਂ ਤੇ ਜਾਣ ਤੋਂ ਬੱਚਤ ਰੱਖੀ ਜਾਵੇ। ਇਸ ਵਿਚਾਰ ਚਰਚਾ ਵਿੱਚ ਦੇਵ ਸੂਦ, ਨਿਰਮਲ ਸਿੰਘ ਧਾਰਨੀ, ਸੁਖਦੇਵ ਗਿੱਲ, ਇਕਬਾਲ ਵਿਰਕ, ਕਸ਼ਮੀਰਾ ਸਿੰਘ ਦਿਓਲ, ਜੋਗਿੰਦਰ ਸਿੰਘ ਪੱਡਾ, ਅਮਰਜੀਤ ਸਿੰਘ, ਤਾਰਾ ਸਿੰਘ ਗਰਚਾ, ਜਗਜੀਤ ਗਰੇਵਾਲ,, ਅਮਰੀਕ ਸਿੰਘ ਕੁਮਰੀਆ,, ਬਲਵਿੰਦਰ ਬਰਾੜ ਆਦਿ ਮੈਂਬਰਾਂ ਨੇ ਭਾਗ ਲਿਆ। ਅੰਤ ਵਿੱਚ ਇਸ ਚਰਚਾ ਨੂੰ ਪਰਮਜੀਤ ਬੜਿੰਗ ਨੇ ਕੀਤਾ। ਇਸ ਸਮੇਂ ਕੈਸੀਅਰ ਪ੍ਰੋ: ਨਿਰਮਲ ਧਾਰਨੀ ਨੇ ਖਰਚ ਅਤੇ ਆਮਦਨ ਦੀ ਰਿਪੋਰਟ ਪੇਸ਼ ਕੀਤੀ ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਭਾਵੇਂ ਕਿ ਕਲੱਬ ਆਪਣੇ ਪਰੋ-ਗਰਾਮ ਆਪਣੀ ਮਰਜ਼ੀ ਨਾਲ ਕਰਨ ਲਈ ਸੁਤੰਤਰ ਹਨ ਪਰ ਇਸ ਮੀਟਿੰਗ ਦੌਰਾਨ ਪਰਮਜੀਤ ਬੜਿੰਗ ਨੇ ਕਲੱਬਾਂ ਨੂੰ ਆਪਣੇ ਪਰੋਗਰਾਮ ਸੁਚੱਜੇ ਢੰਗ ਨਾਲ ਮਨਾਉਣ ਦੀ ਸਲਾਹ ਦਿੱਤੀ। ਉਹਨਾਂ ਸੁਝਾਅ ਦਿੱਤਾ ਕਿ ਸਟੇਜ ਪਰੋਗਰਾਮ ਸੰਖੇਪ ਹੋਣ ਅਤੇ ਅਜਿਹੇ ਸਿੰਗਰਾਂ ਤੋਂ ਪਰਹੇਜ਼ ਕੀਤਾ ਜਾਵੇ ਜੋ ਸਾਡੀ ਸਿਆਣਪ ਅਤੇ ਉਮਰ ਦੇ ਅਨੁਕੂਲ ਨਹੀਂ ਹਨ। ਇਹਨਾਂ ਦੀ ਥਾਂ ਤੇ ਹੋਰ ਅਗਾਂਹਵਧੂ ਗੀਤ ਅਤੇ ਕਵਿਤਾਵਾਂ ਪੇਸ਼ ਕੀਤੇ ਜਾ ਸਕਦੇ ਹਨ। ਤਾਸ਼ ਮੁਕਾਬਲੇ ਸਟੇਜ ਪਰੋਗਰਾਮ ਤੋਂ ਬਾਦ ਜਾਂ ਕਿਸੇ ਹੋਰ ਦਿਨ ਕਰਵਾਏ ਜਾਣ।

ਪਰੋਗਰਾਮ ਦੇ ਅੰਤ ਵਿੱਚ ਸਿਟੀ ਚੋਣਾਂ ਲੜ ਰਹੇ ਉਮੀਦਵਾਰਾਂ ਮੇਅਰ ਲਈ ਲਿੰਡਾ ਜਾਫਰੀ, ਰੀਜਨਲ ਕੌਂਸਲਰ ਲਈ ਪੈਟ ਫੋਰਟੀਨੀ, ਕਾਊਂਸਲਰ ਲਈ ਹਰਕੀਰਤ ਸਿੰਘ ਅਤੇ ਸਕੂਲ ਟਰੱਸਟੀ ਲਈ ਸੀਆ ਲਖਣਪਾਲ ਨੇ ਆਪਣੇ ਵਿਚਾਰ ਪੇਸ਼ ਕੀਤੇ। ਬੜਿੰਗ ਨੇ ਐਸੋਸੀਏਸ਼ਨ ਵਲੋਂ ਉਹਨਾਂ ਨਾਲ ਸਬੰਧਤ ਦੋ ਮੰਗਾਂ ਦਾ ਜਿਕਰ ਕੀਤਾ। ਇੱਕ ਤਾਂ ਬੱਸਾਂ ਦੇ ਸਾਲਾਨਾ ਪਾਸ ਬਣਾਓਣ ਬਾਰੇ ਤੇ ਦੂਜੀ ਬੱਸ ਸ਼ੈਲਟਰ ਦੋ ਦਰਵਾਜਿਆਂ ਦੀ ਥਾ ਤੇ ਇੱਕ ਦਰਵਾਜੇ ਵਾਲੇ ਕਰਨ ਲਈ ਸੀ। ਲਿੰਡਾ ਜੈਫਰੀ, ਪੈਟ ਫੋਰਟੀਨੀ ਅਤੇ ਹਰਕੀਰਤ ਸਿੰਘ ਨੇ ਇਹਨਾਂ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ। ਜਿਵੇਂ ਕਿ ਐਸੋਸੀਏਸਨ੍ਹ ਦਾ ਮੱਤ ਹੈ ਉਹਨਾਂ ਨੇ ਸਮੂਹਕ ਤੌਰ ਤੇ ਕਿਸੇ ਨੂੰ ਵੀ ਹਮਾਇਤ ਨਾ ਕਰਕੇ ਮੈਂਬਰਾਂ ਤੇ ਇਹ ਗੱਲ ਛੱਡ ਦਿੱਤੀ ਕਿ ਉਹ ਕਿਸੇ ਵੀ ਉਮੀਦਵਾਰ ਦੀ ਹਮਾਇਤ ਦਾ ਨਿਜੀ ਤੌਰ ਤੇ ਫੈਸਲਾ ਕਰ ਸਕਦੇ ਹਨ। ਅੰਤ ਵਿੱਚ ਨਵੇਂ ਵਰ੍ਹੇ ਜਨਰਲ ਬਾਡੀ ਦੀ ਮੀਟਿੰਗ ਵਿੱਚ ਮਿਲਣ ਦਾ ਵਾਅਦਾ ਕਰਦੇ ਹੋਏ ਮੀਟਿੰਗ ਬਰਖਾਸਤ ਕੀਤੀ ਗਈ। ਪਰ ਕਾਰਜਕਰਣੀ ਕਮੇਟੀ ਮੈਂਬਰ ਆਪਣੀ ਸਰਗਰਮੀ ਆਮ ਵਾਂਗ ਹੀ ਜਾਰੀ ਰੱਖਣਗੇ। ਐਸੋਸੀਏਸ਼ਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਪਰਮਜੀਤ ਬੜਿੰਗ 647-963-0331, ਬਲਵਿੰਦਰ ਬਰਾੜ647-262-4026, ਪ੍ਰੋ: ਨਿਰਮਲ ਧਾਰਨੀ 416-670-5874, ਕਰਤਾਰ ਚਾਹਲ 647-854-8746, ਦੇਵ ਸੂਦ 416-533-0722 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸਤੰਬਰ ਮਹੀਨੇ ਵਿਚ ਕੈਨੇਡਾ ਦੇ ਅਰਥਚਾਰੇ ਵਿਚ 63,000 ਨਵੀਆਂ ਨੌਕਰੀਆਂ ਦਾ ਵਾਧਾ ਹੋਇਆ



ਬਰੈਂਪਟਨ, -'ਸਟੈਟਿਸਟਿਕਸ ਕੈਨੇਡਾ' ਦੇ 'ਲੇਬਰ ਫ਼ੋਰਸ ਸਰਵੇ' ਨੇ ਸਤੰਬਰ ਮਹੀਨੇ ਵਿਚ ਨੌਕਰੀਆਂ ਵਿਚ 63,000 ਨਵੀਆਂ ਨੌਕਰੀਆਂ ਦਾ ਵਾਧਾ ਵਿਖਾਇਆ ਹੈ, ਜਦਕਿ ਪਿਛਲੇ ਮਹੀਨੇ ਅਗੱਸਤ ਵਿਚ ਇਹ ਵਾਧਾ 51,600 ਸੀ। ਇਸ ਦੇ ਨਾਲ ਹੀ ਲੇਬਰ ਫ਼ੋਰਸ ਸਰਵੇ ਅਨੁਸਾਰ ਦੇਸ਼ ਵਿਚ ਬੇਰੋਜ਼ਗਾਰੀ ਦਰ 0.1% ਘਟ ਕੇ 5.9% ਹੋ ਗਈ ਹੈ।

ਇਸ ਦੇ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਕਿਹਾ,"ਸਾਡੀ ਸਰਕਾਰ ਦੇਸ਼ ਦੇ ਅਰਥਚਾਰੇ ਨੂੰ ਉੱਚਾ ਚੁੱਕਣ ਅਤੇ ਮਿਡਲ ਕਲਾਸ ਦੀ ਬੇਹਤਰੀ ਦੇ ਪਲੇਟਫ਼ਾਰਮ ਨੂੰ ਮੁੱਖ ਰੱਖਦਿਆਂ ਹੋਇਆਂ ਚੁਣੀ ਗਈ ਸੀ ਅਤੇ ਸਾਡੀ ਪਲੈਨ ਸਹੀ ਕੰਮ ਕਰ ਰਹੀ ਹੈ। ਅਕਤੂਬਰ 2015 ਵਿਚ ਜਦੋਂ ਤੋਂ ਸਾਡੀ ਸਰਕਾਰ ਨੇ ਵਾਗ-ਡੋਰ ਸੰਭਾਲੀ ਹੈ, ਦੇਸ਼ ਵਿਚ ਅੱਧਾ ਮਿਲੀਅਨ ਪੂਰੇ ਸਮੇਂ ਦੀਆਂ ਨਵੀਆਂ ਨੌਕਰੀਆਂ ਪੈਦਾ ਹੋਈਆਂ ਹਨ। ਸਾਨੂੰ ਪਤਾ ਹੈ ਕਿ ਅਜੇ ਹੋਰ ਬੜਾ ਕੰਮ ਕਰਨ ਵਾਲਾ ਹੈ। ਅਸੀਂ ਦੇਸ਼-ਵਾਸੀਆਂ ਲਈ ਹੋਰ ਪੂੰਜੀ ਲਗਾਤਾਰ ਨਿਵੇਸ਼ ਕਰ ਰਹੇ ਹਾਂ ਤਾਂ ਜੋ ਇੱਥੇ ਮਿਡਲ ਕਲਾਸ ਮਜ਼ਬੂਤ ਹੋਵੇ ਅਤੇ ਸਖ਼ਤ ਕੰਮ ਕਰਨ ਵਾਲੇ ਲੋਕਾਂ ਦੇ ਇਸ ਵਿਚ ਸ਼ਾਮਲ ਹੋਣ ਨਾਲ ਇਹ ਹੋਰ ਵਧੇ ਫੁੱਲੇ।"

ਓਨਟਾਰੀਓ ਸੂਬੇ ਵਿਚ ਰੋਜ਼ਗਾਰਾਂ ਵਿਚ 36,000 ਦਾ ਵਾਧਾ ਹੋਇਆ ਜੋ ਪਿਛਲੇ ਚਾਰ ਮਹੀਨਿਆਂ ਵਿਚ ਤੀਸਰਾ ਵਾਧਾ ਹੈ। ਸਾਲੋ-ਸਾਲ ਹੋਏ ਵਾਧੇ ਨਾਲ ਪੂਰੇ ਸਮੇਂ ਦੀਆਂ 103,000 ਨੌਕਰੀਆਂ ਵੱਧੀਆਂ ਹਨ ਅਤੇ ਇਸ ਦੇ ਨਾਲ ਹੀ ਪਾਰਟ-ਟਾਈਮ ਨੌਕਰੀਆਂ ਵਿਚ ਵੀ ਥੋੜਾ ਜਿਹਾ ਵਾਧਾ ਹੋਇਆ ਹੈ।

ਇਹ ਲੇਬਰ ਫ਼ੋਰਸ ਸਰਵੇ ਇਕ ਮਹੀਨਾਵਾਰ ਸਰਵੇਖਣ ਹੈ ਜੋ ਕੈਨੇਡੀਅਨ ਲੇਬਰ ਮਾਰਕੀਟ ਦੀ ਗਿਣਤੀ-ਮਿਣਤੀ ਕਰਦਾ ਹੈ ਅਤੇ ਕਈ ਹੋਰ ਗੱਲਾਂ ਤੋਂ ਇਲਾਵਾ ਨੈਸ਼ਨਲ, ਪ੍ਰੋਵਿੰਸ਼ੀਅਲ ਅਤੇ ਟੈਰੀਟੋਰੀਅਲ ਤੇ ਰੀਜਨਲ ਪੱਧਰ 'ਤੇ ਰੋਜ਼ਗਾਰ ਅਤੇ ਬੇਰੋਜ਼ਗਾਰੀ ਦਰਾਂ ਦਾ ਹਿਸਾਬ-ਕਿਤਾਬ ਰੱਖਦਾ ਹੈ। ਇਸ ਸਰਵੇ ਦੇ ਨਤੀਜੇ ਨਵੀਆਂ ਨੌਕਰੀਆਂ ਪੈਦਾ ਕਰਨ, ਸਿੱਖਿਆ, ਸਿਖਲਾਈ, ਰਿਟਾਇਰਮੈਂਟ ਪੈਂਨਸ਼ਨ ਅਤੇ ਇਨਕਮ ਸਪੋਰਟ, ਆਦਿ ਲਈ ਫ਼ੈਸਲੇ ਕਰਨ ਲਈ ਵਰਤੋਂ ਵਿਚ ਲਿਆਂਦੇ ਜਾਂਦੇ ਹਨ।

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING

Contact Us for Great Results, Early Road Tests & Flexible Timing

- Special Training For Nervous Drivers
- Lady Instructor Available
- One to One Training

Forklift $79
Air Brake
Truck Driving Course

○ Counter Balance ○ Order Picker
○ Raymond Reach ○ Walkie
○ Cheery Picker

AIR BRAKES CLASSES EVERY WED - THURS & SAT - SUN

Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



# ਸੰਪਾਦਕੀ

## ਬੱਚਿਆਂ ਦਾ ਸੈਕਸ ਬਦਲਣ ਦੀ ਪਹੁੰਚ ਵਿੱਚ ਕੌਣ ਸਹੀ!

ਕੈਨੇਡਾ ਦੀ ਮਾਨਕਿਸ ਸਿਹਤ ਲਈ ਬਣੀ ਸੱਭ ਤੋਂ ਵੱਡੀ ਸੰਸਥਾ ਸੈਂਟਰ ਫਾਰ ਐਡਿਕਸ਼ਨ ਐਂਡ ਮੈਂਟਲ ਹੈਲਥ (Centre for Mental Addition and Mental Health {CAMH}) ਨੇ ਡਾਕਟਰ ਕੈਨ ਜ਼ੁਕਰ (Ken Zucker) ਤੋਂ ਮੁਆਫੀ ਮੰਗਣ ਤੋਂ ਇਲਾਵਾ ਉਸਨੂੰ 5 ਲੱਖ 86 ਹਜ਼ਾਰ ਡਾਲਰ ਦਾ ਹਰਜਾਨਾ, ਵਕੀਲਾਂ ਦੀਆਂ ਫੀਸਾਂ ਅਦਾ ਕਰਨਾ ਕਬੂਲ ਕਰਨ ਲਈ ਸੈਟਲਮੈਂਟ ਕੀਤੀ ਹੈ। ਇਹ ਡਾਕਟਰ ਕੈਨ ਉਹ ਹੈ ਜਿਸਨੂੰ CAMH ਨੇ ਬੇਇੱਜ਼ਤੀ ਭਰੇ ਲਹਿਜ਼ੇ ਵਿੱਚ ਦਸੰਬਰ 2015 ਵਿੱਚ ਬਰਖਾਸਤ ਕਰ ਦਿੱਤਾ ਸੀ।

ਉਹ ਕੀ ਮੁੱਦਾ ਸੀ ਕਿ 35 ਸਾਲਾਂ ਤੋਂ CAMH ਦੀ ਬੱਚਿਆਂ ਦੇ ਲਿੰਗ ਪਹਿਚਾਣ ਦੀ ਕਲਿਨਿਕ (Gender Identity Clinic for Children) ਦੇ ਮੁਖੀ ਚਲੇ ਆ ਰਹੇ ਡਾਕਟਰ ਕੈਨ ਨੂੰ ਬਰਖਾਸਤ ਕੀਤਾ ਗਿਆ? ਕੀ ਕਾਰਨ ਸੀ ਕਿ ਟੋਰਾਂਟੋ ਆਧਾਰਿਤ ਇਸ ਕਲਿਨਿਕ ਨੂੰ ਬੰਦ ਕਰਨ ਦੀ ਕਾਹਲ ਵਿੱਚ CAMH ਨੇ ਡਾਕਟਰ ਕੈਨ ਨੂੰ ਹਰਜਾਨੇ ਤੋਂ ਇਲਾਵਾ ਦੋ ਸਾਲ ਦੀ ਤਨਖਾਹ ਦੇਣੀ ਕਬੂਲ ਕੀਤੀ ਅਤੇ ਕਲਿਨਿਕ ਨੂੰ ਚਲਾਉਣ ਲਈ ਸਰਕਾਰ ਤੋਂ ਮਿਲਣ ਵਾਲੇ ਡੇਢ ਮਿਲੀਅਨ ਡਾਲਰ ਵੀ ਠੁਕਰਾ ਦਿੱਤੇ ਸਨ। ਅਸਲ ਵਿੱਚ ਡਾਕਟਰ ਕੈਨ ਨੇ 500 ਤੋਂ ਵੱਧ ਛੋਟੀ ਉਮਰ ਦੇ ਬਾਲਕਾਂ ਦਾ ਇਲਾਜ ਕਰਕੇ ਉਹਨਾਂ ਨੂੰ ਉਸ ਲਿੰਗਕ ਪਹਿਚਾਣ ਨਾਲ ਜੀਵਨ ਜਿਉਣਾ ਸਿਖਾਇਆ ਜਿਸ ਵਿੱਚ ਉਹਨਾਂ ਦਾ ਜਨਮ ਹੋਇਆ ਸੀ। ਭਾਵ ਜੇ ਬੱਚਾ ਲੜਕਾ ਪੈਦਾ ਹੋਇਆ ਅਤੇ ਬਾਅਦ ਵਿੱਚ ਖੁਦ ਨੂੰ ਲੜਕੀ ਮਹਿਸੂਸ ਕਰਨ ਲੱਗ ਪਿਆ ਤਾਂ ਡਾਕਟਰ ਕੈਨ ਨੇ ਅਜਿਹੇ ਬੱਚਿਆਂ ਨੂੰ ਇਲਾਜ ਰਾਹੀਂ ਅਹਿਸਾਸ ਕਰਵਾਇਆ ਕਿ ਉਹ ਲੜਕਾ ਹੀ ਹੈ ਅਤੇ ਸੈਕਸ ਬਦਲਣ ਦੀ ਲੋੜ ਨਹੀਂ।

ਚੇਤੇ ਰਹੇ ਕਿ ਡਾਕਟਰ ਕੈਨ ਨੇ ਵਾਰ 2 ਆਪਣੀਆਂ ਤਕਰੀਰਾਂ, ਰੀਸਰਚ ਦਸਤਾਵੇਜ਼ਾਂ ਅਤੇ ਪੁਸਤਕਾਂ ਰਾਹੀਂ ਕਿਹਾ ਹੈ ਕਿ ਜੇ ਕਿਸੇ ਬੱਚੇ ਨੂੰ ਕੁਦਰਤ ਨੇ ਸਮਲਿੰਗੀ ਜਾਂ ਕਿਸੇ ਹੋਰ ਲਿੰਗਕ ਪਹਿਚਾਣ ਵਾਲਾ ਬਣਾਇਆ ਹੈ ਤਾਂ ਉਹ ਅਜਿਹੇ ਬੱਚੇ ਦੇ ਲਿੰਗ ਨੂੰ ਬਦਲਣ ਦਾ ਇਲਾਜ ਨਹੀਂ ਕਰਦਾ। ਉਸਦਾ ਮੁੱਦਾ ਸਿਰਫ਼ ਉਹਨਾਂ ਬੱਚਿਆਂ ਉੱਤੇ ਕੇਂਦਰਿਤ ਸੀ ਜੋ ਬਾਹਰੀ ਪ੍ਰਭਾਵਾਂ ਕਾਰਣ ਖੁਦ ਦਾ ਸੈਕਸ ਬਦਲਣ ਲਈ ਅੱਗੇ ਆਉਂਦੇ ਹਨ। ਅਨੇਕਾਂ ਮਾਪੇ ਉਸਦੇ ਇਲਾਜ ਤੋਂ ਖੁਸ਼ ਹਨ। ਉਸਨੂੰ ਬਰਖਾਸਤ ਕੀਤੇ ਜਾਣ ਤੋਂ ਬਾਅਦ ਵੱਡੀ ਗਿਣਤੀ ਵਿੱਚ ਮਾਪਿਆਂ ਨੇ CAMH ਸਾਹਮਣੇ ਰੋਸ ਮੁਜ਼ਾਹਰਾ ਵੀ ਕੀਤਾ ਸੀ।

ਡਾਕਟਰ ਕੈਨ ਦੀ ਪਹੁੰਚ ਵਰਤਮਾਨ ਵਿੱਚ ਪ੍ਰਚੱਲਿਤ ਉਸ ਪਹੁੰਚ ਤੋਂ ਵੱਖਰੀ ਹੈ ਜਿਸ ਮੁਤਾਬਕ ਜੇ ਕੋਈ ਨਾਬਾਲਗ ਬੱਚਾ ਇੱਕ ਵਾਰ ਆਖ ਦੇਵੇ ਕਿ ਉਸਦਾ ਲਿੰਗ ਕੁੱਝ ਹੋਰ ਹੈ (ਮੰਨ ਲਵੋ 6 ਸਾਲਾ ਲੜਕੀ ਆਖੇ ਕਿ ਉਹ ਲੜਕਾ ਹੈ) ਤਾਂ ਉਸ ਦਾ ਲਿੰਗ ਬਦਲਣ ਲਈ ਰਾਹ ਪੱਧਰਾ ਕੀਤਾ ਜਾਣਾ ਸਹੀ ਸਮਝਿਆ ਜਾਂਦਾ ਹੈ। ਬੱਚੇ ਤੋਂ ਉਸਦੀ ਸੋਚ ਅਤੇ ਖਿਆਲਾਂ ਬਾਰੇ ਸੁਆਲ ਨਹੀਂ ਕੀਤੇ ਜਾ ਸਕਦੇ। ਉਂਟੇਰੀਓ ਦੇ ਸਕੂਲ ਅਧਿਆਪਕਾਂ ਦੀ ਯੂਨੀਅਨ ਦੀ ਅਧਿਆਪਕਾਂ ਨੂੰ ਲਿਖਤੀ ਹਦਾਇਤ ਹੈ ਕਿ ਜੇ ਬੱਚਾ ਆਪਣੇ ਸੈਕਸ ਦੇ ਵੱਖਰਾ ਹੋਣ ਬਾਰੇ ਜ਼ਿਕਰ ਕਰਦਾ ਹੈ ਤਾਂ ਉਸਨੂੰ ਤੁਰੰਤ ਮਦਦ ਦਿੱਤੀ ਜਾਣੀ ਚਾਹੀਦੀ ਹੈ। ਡਾਕਟਰ ਕੈਨ ਇਸ ਸੋਚ ਨਾਲ ਸਹਿਮਤ ਨਹੀਂ ਹੈ।

ਡਾਕਟਰ ਕੈਨ ਦੀ ਪਹੁੰਚ ਤੋਂ ਐਨ ਡੀ ਪੀ ਦੀ ਐਮ ਪੀ ਪੀ Cheri DiNovo, transgender communit ਦੇ ਲੋਕ ਅਤੇ ਹੋਰ ਗਰੁੱਪ ਵਿਸ਼ੇਸ਼ ਕਰਕੇ ਖਫ਼ਾ ਸਨ। ਚੇਤੇ ਰਹੇ ਕਿ Cheri DiNovo ਨੇ ਉਹ ਕਨੂੰਨ ਪਾਸ ਕਰਵਾਇਆ ਸੀ ਜਿਸ ਤਹਿਤ ਬੱਚਿਆਂ ਦੇ ਲਿੰਗ ਬਦਲਣ ਦਾ ਮੁਫ਼ਤ ਹੋਇਆ ਪਰ ਜੇ ਕਿਸੇ ਬੱਚੇ ਨੂੰ ਲਿੰਗ ਨਾ ਬਦਲਣ ਵਿੱਚ ਡਾਕਟਰੀ ਮਦਦ ਦੀ ਲੋੜ ਹੋਵੇ ਤਾਂ ਅਜਿਹੀ ਡਾਕਟਰੀ ਮਦਦ ਓਹਿੱਪ ਰਾਹੀਂ ਮਿਲਣੀ ਬੰਦ ਹੋਈ। ਪ੍ਰੋਵਿੰਸ਼ੀਅਲ ਲਿਬਰਲ ਸਰਕਾਰ ਨੇ ਉਸ ਬਿੱਲ ਦਾ ਸਮਰੱਥਨ ਕੀਤਾ ਸੀ।

ਚੇਤੇ ਰਹੇ ਕਿ ਡਾਕਟਰ ਕੈਨ ਦੇ ਕੰਮ ਪ੍ਰਤੀ ਆਲੋਚਨਾਤਮਕ ਰੁਖ ਰੱਖਣ ਵਾਲੇ ਗਰੁੱਪ ਉਸਦੇ ਇਲਾਜ ਨੂੰ reparative therapy ਦੱਸ ਕੇ ਭੰਡਦੇ ਰਹੇ ਹਨ। Reparative therapy ਉਹ ਦਰਦਨਾਕ ਇਲਾਜ ਹੁੰਦਾ ਹੈ ਜਿਸ ਵਿੱਚ ਕੁਦਰਤ ਵੱਲੋਂ ਪੈਦਾ ਕੀਤੇ ਸਮਲਿੰਗੀ ਵਿਅਕਤੀ ਦੀ ਲਿੰਗਕ ਪਹਿਚਾਣ ਬਦਲੀ ਜਾਂਦੀ ਹੈ। ਡਾਕਟਰ ਕੈਨ ਮੁਤਾਬਕ ਉਹ ਕਦੇ ਵੀ ਅਜਿਹਾ ਕੀਤੇ ਜਾਣ ਦੇ ਹੱਕ ਵਿੱਚ ਨਹੀਂ ਰਿਹਾ।

CAMH ਨੇ ਡਾਕਟਰ ਕੈਨ ਤੋਂ ਮੁਆਫੀ ਮੰਗ ਕੇ ਕਬੂਲ ਕੀਤਾ ਹੈ ਕਿ ਉਸਦੇ ਵਤੀਰੇ ਅਤੇ ਪ੍ਰੋਫੈਸ਼ਨਲ ਕੰਮ ਬਾਰੇ ਗਲਤ ਫੈਸਲਾ ਲਿਆ ਗਿਆ। ਮੁਆਫੀ ਨੂੰ CAMH ਨੇ ਆਪਣੀ ਵੈੱਬਸਾਈਟ ਉੱਤੇ ਵੀ ਪਾਇਆ ਹੈ। ਬਹੁਤ ਘੱਟ ਕੇਸਾਂ ਵਿੱਚ ਸੈਟਲਮੈਂਟ ਦੀਆਂ ਸ਼ਰਤਾਂ ਨੂੰ ਜਨਤਕ ਕੀਤਾ ਜਾਂਦਾ ਹੈ। ਡਾਕਟਰ ਕੈਨ ਨੂੰ ਆਪਣੇ ਕੰਮ ਅਤੇ ਪਹੁੰਚ ਉੱਤੇ ਐਨਾ ਭਰੋਸਾ ਸੀ ਕਿ CAMH ਨੇ ਸੈਟਲਮੈਂਟ ਦੀਆਂ ਸ਼ਰਤਾਂ ਨੂੰ ਜਨਤਕ ਕਰਨਾ ਕਬੂਲ ਕੀਤਾ ਹੈ। ਵੈਸੇ CAMH ਬੱਚਿਆਂ ਦਾ ਸੈਕਸ ਬਦਲਣ ਬਾਰੇ ਅਪਣਾਈ ਪਹੁੰਚ ਨੂੰ ਜਾਰੀ ਰੱਖਣ ਉੱਤੇ ਅੜਿੱਗ ਹੈ।

ਸੁਆਲ ਹੈ ਕਿ ਡਾਕਟਰ ਕੈਨ ਦੀ ਜਿੱਤ ਅਤੇ CAMH ਦੀ ਮੁਆਫੀ ਤੋਂ ਉਹ ਮਾਪੇ ਕੀ ਸਬਕ ਸਿੱਖਣ ਜਿਹਨਾਂ ਦੇ ਬੱਚੇ ਕਿਸੇ ਬਾਹਰੀ ਪ੍ਰਭਾਵ ਜਾਂ ਸੁਭਾਵਿਕ ਬਿਰਤੀ ਕਾਰਣ ਖੁਦ ਨੂੰ ਦੂਜੇ ਲਿੰਗ ਵਾਲਾ ਦੱਸਣ ਲੱਗ ਪੈਂਦੇ ਹਨ। ਪੰਜਾਬੀ ਸੱਭਿਆਚਾਰ ਵਿੱਚ ਅਜਿਹੀਆਂ ਕਿੰਨੀਆਂ ਹੀ ਲੜਕੀਆਂ ਮਿਲ ਜਾਣਗੀਆਂ ਜੋ ਖੁਦ ਨੂੰ ਲੜਕਾ ਆਖ ਕੇ ਸੰਬੋਧਨ ਕਰਦੀਆਂ ਹਨ ਅਤੇ ਸਮਾਂ ਪਾ ਕੇ ਸਫ਼ਲਤਾ ਪੂਰਵਕ ਔਰਤ ਵਾਲਾ ਜੀਵਨ ਜਿਉਂਦੀਆਂ ਹਨ। ਅਜਿਹੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਵਿੱਚ ਬਹੁਤ ਸੁਭਾਵਕ ਰੂਪ ਵਿੱਚ ਲਿਆ ਜਾਂਦਾ ਹੈ। ਜੇ ਅਜੋਕੀ ਪਹੁੰਚ ਵੇਖੀ ਜਾਵੇ ਤਾਂ ਇਹਨਾਂ ਬੱਚਿਆਂ ਦਾ ਲਿੰਗ ਬਦਲਣ ਲਈ ਇਲਾਜ ਹਰ ਥਾਂ ਮੌਜੂਦ ਹਨ। ਇਹ ਸੁਆਲ ਹਨ ਜਿਹਨਾਂ ਦਾ ਕੋਈ ਜਵਾਬ ਮਿਲਦਾ ਨਹੀਂ ਦਿੱਸ ਰਿਹਾ।

ਆਖਰੀ ਨੋਟ: ਡਾਕਟਰ ਕੈਨ ਜ਼ੁਕਰ Gender Identity Disorder and Psychosexual Problems in Children and Adolescents, Attachment and Psychopathology , Ex-Gay Research: Analyzing the Spitzer Study And Its Relation to Science, Religion, Politics, and Culture ਕਿਤਾਬਾਂ ਦਾ ਲੇਖਕ ਹੈ।

# ਟੋਰਾਂਟੋ ਪੁਲਿਸ ਅਧਿਕਾਰੀਆਂ ਲਈ ਮੈਰੀਜੁਆਨਾ ਸਬੰਧੀ ਸਖ਼ਤ ਨੀਤੀ ਦਾ ਹੋਇਆ ਖੁਲਾਸਾ

ਟੋਰਾਂਟੋ, 10 ਅਕਤੂਬਰ (ਪੋਸਟ ਬਿਊਰੋ) : ਕਾਨੂੰਨ ਲਾਗੂ ਕਰਨ ਵਾਲਿਆਂ ਲਈ ਮੈਰੀਜੁਆਨਾ ਦੀ ਵਰਤੋਂ ਸਬੰਧੀ ਦੇਸ਼ ਦੀਆਂ ਸੱਭ ਤੋਂ ਸਖਤ ਨੀਤੀਆਂ ਬਾਰੇ ਟੋਰਾਂਟੋ ਪੁਲਿਸ ਵੱਲੋਂ ਅੱਜ ਖੁਲਾਸਾ ਕੀਤਾ ਗਿਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਡਿਊਟੀ ਉੱਤੇ ਹਾਜ਼ਰ ਹੋਣ ਦੇ 28 ਦਿਨਾਂ ਦੇ ਅੰਦਰ ਅੰਦਰ ਆਪਣੇ ਸਾਰੇ ਕਰਮਚਾਰੀਆਂ ਲਈ ਮੈਰੀਜੁਆਨਾ ਦੀ ਵਰਤੋਂ ਉੱਤੇ ਰੋਕ ਲਾਈ ਜਾਂਦੀ ਹੈ।

ਮੰਗਲਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਪੁਲਿਸ ਨੇ ਦੱਸਿਆ ਕਿ ਅਸੀਂ ਇਹ ਫੈਸਲਾ ਮਜ਼ਾਕ ਵਿੱਚ ਨਹੀਂ ਲਿਆ ਹੈ। ਇਹ ਬਹੁਤ ਹੀ ਸੋਚ ਸਮਝ ਕੇ ਕੀਤਾ ਗਿਆ ਫੈਸਲਾ ਹੈ ਤੇ ਇਹ ਕਈ ਤਰ੍ਹਾਂ ਦੇ ਸਲਾਹ ਮਸ਼ਵਰੇ ਤੇ ਸਬੂਤਾਂ ਨੂੰ ਪਰਖਣ ਤੋਂ ਬਾਅਦ ਕੀਤਾ ਗਿਆ ਹੈ। ਇਸ ਗੱਲ ਨੂੰ ਉਚੇਚੇ ਤੌਰ ਉੱਤੇ ਧਿਆਨ ਵਿੱਚ ਰੱਖਿਆ ਗਿਆ ਹੈ ਕਿ ਮੈਂਬਰ ਕਿਸ ਤਰ੍ਹਾਂ ਦੀ ਅਹਿਮ ਭੂਮਿਕਾ ਕੰਮ ਵਾਲੀ ਥਾਂ ਨੂੰ ਸੁਰੱਖਿਅਤ ਰੱਖਣ ਤੇ ਕਮਿਊਨਿਟੀ ਨੂੰ ਸੁਰੱਖਿਅਤ ਰੱਖਣ ਲਈ ਨਿਭਾਉਂਦੇ ਹਨ।

ਟੋਰਾਂਟੋ ਪੁਲਿਸ ਦੀ ਤਰਜ਼ਮਾਨ ਮੇਘਨ ਗ੍ਰੇਅ ਨੇ ਦੱਸਿਆ ਕਿ 28 ਦਿਨਾਂ ਦਾ ਕਾਰਜਕਾਲ ਫੋਰਸ ਦੀ ਮੈਡੀਕਲ ਐਡਵਾਈਜ਼ਰੀ ਸਰਵਿਸ, ਓਨਟਾਰੀਓ ਐਸੋਸਿਏਸ਼ਨ ਆਫ ਚੀਫਜ਼ ਆਫ ਪੁਲਿਸ ਤੇ ਕੈਨੇਡੀਅਨ ਐਸੋਸਿਏਸ਼ਨ ਆਫ ਚੀਫਜ਼ ਆਫ ਪੁਲਿਸ ਵੱਲੋਂ ਕੀਤੀ ਗਈ ਰਿਸਰਚ ਉੱਤੇ ਆਧਾਰਿਤ ਹੈ। ਇਸ ਤੋਂ ਇਲਾਵਾ ਇਹ ਰਿਸਰਚ ਵੀ ਕੀਤੀ ਗਈ ਕਿ ਮੈਰੀਜੁਆਨਾ ਦਾ ਸ਼ਰੀਰ ਵਿੱਚ ਕਿੰਨਾ ਚਿਰ ਅਸਰ ਰਹਿ ਸਕਦਾ ਹੈ ਤੇ ਇਸ ਨਾਲ ਫੈਸਲੇ ਲੈਣ ਦੀ ਤਾਕਤ ਕਿੰਨਾਂ ਚਿਰ ਪ੍ਰਭਾਵਿਤ ਰਹਿ ਸਕਦੀ ਹੈ।

ਇਹ ਵੀ ਦੱਸਿਆ ਗਿਆ ਕਿ ਜੇ ਪੁਲਿਸ ਅਧਿਕਾਰੀ ਕੰਮ ਉੱਤੇ ਜਾਂ ਆਪਣੇ ਨਿਜੀ ਸਮੇਂ ਵਿੱਚ ਮੈਰੀਜੁਆਨਾ ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਇਸ ਦਾ ਖੁਲਾਸਾ ਕਰਨ ਦਾ ਵੀ ਤਰੀਕਾ ਹੈ। ਇਹ ਨੀਤੀ ਮੈਡੀਕਲ ਮੈਰੀਜੁਆਨਾ ਵਰਤਣ ਵਾਲਿਆਂ ਉੱਤੇ ਲਾਗੂ ਨਹੀਂ ਹੁੰਦੀ। ਅਜਿਹੇ ਮਾਮਲਿਆਂ ਲਈ ਵੱਖਰੀ ਨੀਤੀ ਹੈ। ਇੱਕ ਬਿਆਨ ਵਿੱਚ ਟੋਰਾਂਟੋ ਪੁਲਿਸ ਐਸੋਸਿਏਸ਼ਨ ਦੇ ਪ੍ਰੈਜ਼ੀਡੈਂਟ ਮਾਈਕ ਮੈਕੌਰਮੈਕ ਨੇ ਆਖਿਆ ਕਿ ਅਜੇ ਤੱਕ ਯੂਨੀਅਨ ਨੇ ਮੈਰੀਜੁਆਨਾ ਦੀ ਵਰਤੋਂ ਸਬੰਧੀ ਡਰਾਫਟ ਪਾਲਿਸੀ ਨਹੀਂ ਵੇਖੀ ਤੇ ਇੱਕ ਵਾਰੀ ਇਸ ਦੀ ਕਾਪੀ ਹਾਸਲ ਕਰਨ ਤੋਂ ਬਾਅਦ ਉਹ ਇਸ ਦਾ ਕਾਨੂੰਨੀ ਤੌਰ ਉੱਤੇ ਅਧਿਐਨ ਕਰਨਗੇ। ਗ੍ਰੇਅ ਨੇ ਆਖਿਆ ਕਿ ਟੋਰਾਂਟੋ ਪੁਲਿਸ 17 ਅਕਤੂਬਰ ਨੂੰ ਮੈਰੀਜੁਆਨਾ ਦੇ ਕਾਨੂੰਨੀਕਰਨ ਤੋਂ ਪਹਿਲਾਂ ਇੱਕ ਖਾਸ ਪ੍ਰੋਸੀਜ਼ਰ ਨੂੰ ਸਥਾਪਿਤ ਕਰਨਾ ਚਾਹੁੰਦੀ ਹੈ ਪਰ ਹੋਰ ਜਾਣਕਾਰੀ ਮਿਲਣ ਉਪਰੰਤ ਇਸ ਦਾ ਮੁਲਾਂਕਣ ਕੀਤਾ ਜਾਵੇਗਾ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਹੁਣ ਓਨਟਾਰੀਓ ਵਿੱਚ ਸਿੱਖ ਹੈਲਮਟ ਤੋਂ ਬਿਨਾਂ ਚਲਾ ਸਕਣਗੇ ਮੋਟਰਸਾਈਕਲ!







...ਪੰਨਾ 1 ਦਾ ਬਾਕੀ

ਪਰ ਸਾਡੀ ਸਰਕਾਰ ਦਾ ਇਹ ਵੀ ਮੰਨਣਾ ਹੈ ਕਿ ਹਰੇਕ ਵਿਅਕਤੀ ਵਿਸ਼ੇਸ਼ ਦੀ ਆਪਣਾ ਧਿਆਨ ਰੱਖਣ ਪ੍ਰਤੀ ਕੋਈ ਨਿਜੀ ਜਵਾਬਦੇਹੀ ਤੇ ਜ਼ਿੰਮੇਵਾਰੀ ਵੀ ਬਣਦੀ ਹੈ।

ਪਿਛਲੇ ਹਫਤੇ, ਟੋਰੀ ਵਿਧਾਇਕ ਪ੍ਰਭਮੀਤ ਸਰਕਾਰੀਆ ਵੱਲੋਂ ਹਾਈਵੇਅ ਟਰੈਫਿਕ ਐਕਟ ਵਿੱਚ ਸੋਧ ਕਰਕੇ ਸਿੱਖਾਂ ਨੂੰ ਹੈਲਮਟ ਤੋਂ ਛੋਟ ਦੇਣ ਸਬੰਧੀ ਬਿੱਲ ਪੇਸ਼ ਕੀਤਾ ਗਿਆ ਸੀ ਪਰ ਬੁੱਧਵਾਰ ਨੂੰ ਸਰਕਾਰ ਨੇ ਆਖਿਆ ਕਿ ਉਹ ਨਿਯਮਾਂ ਰਾਹੀਂ ਇਸ ਤਰ੍ਹਾਂ ਦੀ ਤਬਦੀਲੀ ਲਿਆਵੇਗੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਬਿੱਲ ਦੀ ਪਹਿਲੀ ਰੀਡਿੰਗ 18 ਅਕਤੂਬਰ ਨੂੰ ਹੋਵੇਗੀ ਤੇ ਬਹੁਤੀ ਸੰਭਾਵਨਾ ਇਹ ਹੈ ਕਿ ਉਸੇ ਦਿਨ ਇਸ ਨੂੰ ਰੈਗੂਲੇਸ਼ਨ ਦੇ ਰੂਪ ਵਿੱਚ ਮਾਨਤਾ ਦੇ ਦਿੱਤੀ ਜਾਵੇ।

ਸਰਕਾਰੀਆ ਨੇ ਇੱਕ ਬਿਆਨ ਵਿੱਚ ਆਖਿਆ ਕਿ ਓਨਟਾਰੀਓ ਦੇ ਮੋਟਰਸਾਈਕਲ ਚਲਾਉਣ ਵਾਲੇ ਪਗੜੀਧਾਰੀ ਸਿੱਖਾਂ ਨੂੰ ਹੈਲਮਟ ਤੋਂ ਛੋਟ ਦੇਣ ਦੀ ਮੰਗ ਕਰਦਿਆਂ ਨੂੰ ਉਨ੍ਹਾਂ ਨੂੰ ਕਈ ਸਾਲ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਪੱਗ ਬੰਨ੍ਹਣਾ ਸਿੱਖ ਧਰਮ ਦਾ ਜ਼ਰੂਰੀ ਹਿੱਸਾ ਮੰਨਿਆਂ ਗਿਆ ਹੈ ਤੇ ਇਹ ਸਿੱਖਾਂ ਦੀ ਵੱਖਰੀ ਪਛਾਣ ਨੂੰ ਵੀ ਦਰਸਾਉਂਦਾ ਹੈ। ਹੈਲਮਟ ਤੋਂ ਅਜਿਹੀ ਛੋਟ ਸਿੱਖਾਂ ਨੂੰ ਕੈਨੇਡਾ ਦੇ ਹੋਰਨਾਂ ਪ੍ਰੋਵਿੰਸਾਂ ਤੇ ਦੁਨੀਆ ਭਰ ਵਿੱਚ ਮਿਲ ਚੁੱਕੀ ਹੈ। ਅਲਬਰਟਾ, ਮੈਨੀਟੋਬਾ ਤੇ ਬ੍ਰਿਟਿਸ਼ ਕੋਲੰਬੀਆ ਵਿੱਚ ਪੱਗ ਬੰਨ੍ਹਣ ਵਾਲੇ ਸਿੱਖਾਂ ਨੂੰ ਮੋਟਰਸਾਈਕਲ ਚਲਾਉਂਦੇ ਸਮੇਂ ਇਸ ਤਰ੍ਹਾਂ ਦੀ ਛੋਟ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ।

ਓਨਟਾਰੀਓ ਸਰਕਾਰ ਨੇ ਆਖਿਆ ਕਿ ਯੂਨਾਈਟਿਡ ਕਿੰਗਡਮ ਵੱਲੋਂ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਸਮੇਂ ਹੈਲਮਟ ਪਾਉਣ ਤੋਂ ਅਜਿਹੀ ਛੋਟ 1976 ਵਿੱਚ ਹੀ ਦਿੱਤੀ ਜਾ ਚੁੱਕੀ ਹੈ। ਫੋਰਡ ਨੇ ਆਖਿਆ ਕਿ ਹੈਲਮਟ ਤੋਂ ਅਜਿਹੀ ਛੋਟ ਸਿੱਖ ਕਮਿਊਨਿਟੀ ਦੇ ਤਰਕ ਸੁਣਨ ਤੋਂ ਬਾਅਦ ਹੀ ਦੇਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਆਪਣੀ ਚੋਣ ਮੁਹਿੰਮ ਦੌਰਾਨ ਉਨ੍ਹਾਂ ਵੱਲੋਂ ਕੀਤਾ ਗਿਆ ਇੱਕ ਹੋਰ ਵਾਅਦਾ ਉਨ੍ਹਾਂ ਪੁਗਾਇਆ ਹੈ।

ਓਨਟਾਰੀਓ ਦੇ ਸਿੱਖ ਮੋਟਰਸਾਈਕਲ ਕਲੱਬ ਵੱਲੋਂ ਸਰਕਾਰ ਦੇ ਇਸ ਐਲਾਨ ਦਾ ਸਵਾਗਤ ਕੀਤਾ ਗਿਆ ਹੈ। ਆਪਣੇ ਫੇਸਬੁੱਕ ਪੇਜ ਉੱਤੇ ਕਲੱਬ ਵੱਲੋਂ ਲਿਖਿਆ ਗਿਆ ਹੈ ਕਿ ਜਲਦ ਹੀ ਅਸੀਂ ਆਪਣੇ ਪੂਰੇ ਸਰੂਪ ਵਿੱਚ ਮੋਟਰਸਾਈਕਲ ਚਲਾਇਆ ਕਰਾਂਗੇ। ਸਿੱਖ ਮੋਟਰਸਾਈਕਲ ਕੱਲਬ ਤੋਂ ਇੰਦਰਜੀਤ ਸਿੰਘ ਜਗਰਾਓਂ ਨੇ ਪ੍ਰੀਮੀਅਰ ਡੱਗ ਫੋਰਡ ਦਾ ਧੰਨਵਾਦ ਕਰਦਿਆਂ ਆਖਿਆ ਕਿ ਇੱਕ ਇਤਿਹਾਸਕ ਫੈਸਲਾ ਹੋਵੇਗਾ ਅਤੇ 18 ਤਰੀਕ ਨੂੰ ਇਸ ਬਿੱਲ ਦੀ ਰੀਡਿੰਗ ਮੌਕੇ ਅਸੀਂ ਸਾਰੇ ਕੁਈਨਜ਼ ਪਾਰਕ ਪਹੁੰਚਾਂਗੇ। ਇਸੇ ਤਰ੍ਹਾਂ ਹੀ ਖੁਸ਼ਵੰਤ ਬਾਜਵਾ ਨੇ ਦੱਸਿਆ ਕਿ 18 ਤਰੀਕ ਨੂੰ ਓਨਟਾਰੀਓ ਪਾਰਲੀਆਮੈਂਟ ਤੱਕ ਜਾਣ ਲਈ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਐਮਪੀਪੀ ਪ੍ਰਭਮੀਤ ਸਰਕਾਰੀਆ ਵੱਲੋਂ ਜੋ ਕੀਤਾ ਗਿਆ ਹੈ ਉਸ ਦੀ ਲੰਮੇਂ ਸਮੇਂ ਤੋਂ ਲੋੜ ਸੀ। ਉਨ੍ਹਾਂ ਆਖਿਆ ਕਿ ਅੱਜ ਅਸੀਂ ਆਪਣੇ ਚੁਣੇ ਹੋਏ ਉਮੀਦਵਾਰਾਂ ਉੱਤੇ ਮਾਣ ਕਰ ਰਹੇ ਹਾਂ।

ਜ਼ਿਰਕਯੋਗ ਹੈ ਕਿ ਓਨਟਾਰੀਓ ਦੀ ਸਾਬਕਾ ਲਿਬਰਲ ਸਰਕਾਰ ਵੱਲੋਂ ਇਹ ਛੋਟ ਦਿੱਤੇ ਜਾਣ ਤੋਂ ਟਾਲਮਟੋਲ ਕੀਤੀ ਜਾ ਰਹੀ ਸੀ। ਲਿਬਰਲ ਸਰਕਾਰ ਦਾ ਕਹਿਣਾ ਸੀ ਕਿ ਰੋਡ ਸੇਫਟ ਰਿਸਕ ਕਰਕੇ ਸਿੱਖ ਮੋਟਰਸਾਈਕਲ ਸਵਾਰਾਂ ਨੂੰ ਇਹ ਛੋਟ ਬਿਨਾਂ ਅਕਾਦਮਿਕ ਰਿਸਰਚ ਤੇ ਕਾਨੂੰਨੀ ਫੈਸਲੇ ਦੇ ਨਹੀਂ ਦਿੱਤੀ ਜਾ ਸਕਦੀ। ਕੈਨੇਡਾ ਸੇਫਟੀ ਕਾਉਂਸਲ ਦੇ ਜਨਰਲ ਮੈਨੇਜਰ ਆਫ ਪ੍ਰੋਗਰਾਮਜ਼ ਰੇਅਨਾਲਡ ਮਰਚੰਦ ਨੇ ਇਸ ਫੈਸਲੇ ਨੂੰ ਨਿਰਾਸ਼ਾ ਭਰਿਆ ਦੱਸਿਆ ਹੈ। ਪਰ ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਇਸ ਨਾਲ ਇਸ ਲਈ ਕੋਈ ਹੈਰਾਨੀ ਨਹੀਂ ਹੋਈ ਕਿਉਂਕਿ ਫੋਰਡ ਕਈ ਮਹੀਨਿਆਂ ਤੋਂ ਇਸ ਦੇ ਸੰਕੇਤ ਦੇ ਰਹੇ ਸਨ। ਇਸ ਦੌਰਾਨ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਵੱਲੋਂ ਇਸ ਫੈਸਲੇ ਦਾ ਸਵਾਗਤ ਕੀਤਾ ਗਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਓਨਟਾਰੀਓ ਦੇ ਸਿੱਖ ਲੰਮੇਂ ਸਮੇਂ ਤੋਂ ਸਥਾਨਕ ਸਰਕਾਰ ਤੋਂ ਇਹ ਛੋਟ ਮੁਹੱਈਆ ਕਰਵਾਉਣ ਦੀ ਮੰਗ ਕਰ ਰਹੇ ਸਨ।

# ਬ੍ਰਿਟੇਨ ਦੇ ਸ਼ਾਹੀ ਪਰਿਵਾਰ ਵਿਚ ਇਕ ਹੋਰ ਵਿਆਹ ਹੋਣ ਲੱਗਾ

ਲੰਡਨ, 10 ਅਕਤੂਬਰ (ਪੋਸਟ ਬਿਊਰੋ)- ਪ੍ਰਿੰਸ ਹੈਰੀ ਅਤੇ ਮੇਗਨ ਮਾਰਕਲ ਦੇ ਸ਼ਾਨਦਾਰ ਵਿਆਹ ਤੋਂ ਪੰਜ ਮਹੀਨੇ ਪਿੱਛੋਂ ਬ੍ਰਿਟੇਨ ਦੇ ਸ਼ਾਹੀ ਪਰਿਵਾਰ ਵਿਚ ਇਕ ਹੋਰ ਰਾਜਸੀ ਵਿਆਹ ਦਾ ਮੌਕਾ ਆਇਆ ਹੈ, ਪਰ ਇਸ ਵਾਰ ਇਸ ਨੂੰ ਦੇਖਣ ਨੂੰ ਬਾਰੇ ਜ਼ਿਆਦਾ ਉਤਸ਼ਾਹ ਨਹੀਂ ਹੈ। ਮਹਾਰਾਣੀ ਐਲਿਜ਼ਾਬੈਥ ਦੀ ਪੋਤੀ ਰਾਜਕੁਮਾਰੀ ਯੂਜਿਨੀ ਇਸ ਸ਼ੁੱਕਰਵਾਰ ਨੂੰ ਵਿੰਡਸਰ ਕੈਸਲ ਵਿਚ ਜੈਕ ਬਰੂਕਸਬੈਂਕ ਨਾਲ ਵਿਆਹ ਕਰਵਾਏਗੀ।

ਮਿਲੀ ਜਾਣਕਾਰੀ ਅਨੁਸਾਰ ਬ੍ਰਿਟੇਨ ਵਿਚ ਹਾਲੇ ਤੱਕ ਮੇਗਨ ਦੇ ਵਿਆਹ ਦਾ ਸ਼ਾਹੀ ਮਾਹੌਲ ਲੋਕਾਂ ਦੇ ਮਨਾਂ ਤੋਂ ਨਹੀਂ ਉੱਤਰ ਸਕਿਆ। ਅਮਰੀਕੀ ਅਦਾਕਾਰਾ ਮੇਗਨ ਨੇ ਮਈ ਮਹੀਨੇ ਵਿਚ ਵਿੰਡਸਰ ਪੈਲੇਸ ਵਿਚ ਮਹਾਰਾਣੀ ਐਲਿਜ਼ਾਬੈਥ ਦੇ ਪੋਤੇ ਹੈਰੀ ਨਾਲ ਵਿਆਹ ਕੀਤਾ ਸੀ ਤੇ ਬ੍ਰਿਟੇਨ ਅਤੇ ਦੁਨੀਆ ਭਰ ਦੇ ਲੋਕਾਂ ਨੇ ਇਸ ਨੂੰ ਵੇਖਿਆ ਸੀ। ਕੁਝ ਲੋਕ 2011 ਵਿਚ ਪ੍ਰਿੰਸ ਵਿਲੀਅਮ ਤੇ ਕੇਟ ਦੇ ਵਿਆਹ ਨੂੰ ਵੀ ਨਹੀਂ ਭੁੱਲੇ, ਜਿਨ੍ਹਾਂ ਨੂੰ ਵੇਖ ਕੇ ਰਾਜਕੁਮਾਰੀ ਡਾਇਨਾ ਦਾ ਚਿਹਰਾ ਯਾਦ ਆਉਂਦਾ ਹੈ। ਸ਼ਾਹੀ ਵਿਆਹਾਂ ਨੂੰ ਹਮੇਸ਼ਾ ਗੰਭੀਰਤਾ ਨਾਲ ਲੈਣ ਵਾਲੇ ਬੀ ਬੀ ਸੀ ਵੱਲੋਂ ਇਸ ਵਾਰ ਇਸ ਵਿਆਹ ਸਮਾਰੋਹ ਦਾ ਲਾਈਵ ਪ੍ਰਸਾਰਨ ਕਰਨ ਲਈ ਇਨਕਾਰ ਕਰਨ ਦੀ ਖ਼ਬਰ ਹੈ। ਬੀਬੀਸੀ ਨੂੰ ਰੇਟਿੰਗ ਡਿੱਗਣ ਦਾ ਡਰਾ ਹੈ।

ਇਕ ਪੇਸ਼ੇਵਰ ਚੈਨਲ ਆਈ ਟੀ ਵੀ ਨੇ ਸਿੱਧੇ ਪ੍ਰਸਾਰਨ ਦੀ ਹਾਮੀ ਭਰੀ ਹੈ, ਪਰ ਸੂਤਰਾਂ ਮੁਤਾਬਕ ਯੂਜਿਨੀ ਦੇ ਪਿਤਾ ਪ੍ਰਿੰਸ ਐਂਡਰਿਊ ਦੇ ਪਿੱਛੇ ਪੈਣ ਤੋਂ ਬਾਅਦ ਇਹ ਕੀਤਾ ਗਿਆ। ਖ਼ਬਰਾਂ ਮੁਤਾਬਕ ਇਸ ਨੂੰ ਸਾਲ ਦਾ ਸਭ ਤੋਂ ਵੱਡਾ ਵਿਆਹ ਦੱਸਿਆ ਜਾ ਰਿਹਾ ਹੈ ਤੇ ਵਿਆਹ ਲਈ 2,640 ਮਹਿਮਾਨਾਂ ਨੂੰ ਸੱਦਾ ਦਿੱਤਾ ਗਿਆ ਹੈ ਪਰ ਇਨ੍ਹਾਂ ਵਿਚੋਂ 1,200 ਨੂੰ ਚਿੱਠੀ ਲਿਖ ਕੇ ਕਿਹਾ ਗਿਆ ਹੈ ਕਿ ਤੁਸੀ ਆਪਣਾ ਖਾਣਾ ਨਾਲ ਲੈ ਕੇ ਆਉਣਾ, ਕਿਉਂਕਿ ਉਥੇ ਖਾਣਾ ਜਾਂ ਡਰਿੰਕ ਦੀ ਸਹੂਲਤ ਨਹੀਂ ਹੋਵੇਗੀ। ਹੈਰਾਨੀ ਦੀ ਗੱਲ ਹੈ ਕਿ ਇਸ ਵਿਆਹ ਉਤੇ ਕਰੀਬ 256 ਕਰੋੜ ਰੁਪਏ ਖਰਚ ਹੋਣਗੇ। ਬ੍ਰਿਟੇਨ ਦੀ ਇਕ ਵੈਬਸਾਈਟ ਇਨਸਾਈਡਰ ਵਿਚ ਛਪੀ ਖ਼ਬਰ ਦੇ ਹਵਾਲੇ ਵਿਚ ਕਿਹਾ ਗਿਆ ਹੈ ਕਿ ਇਹ ਉਹ ਲੋਕ ਹਨ, ਜਿਨ੍ਹਾਂ ਨੇ ਅਪਣੇ ਖੇਤਰ, ਫਿਰਕੇ ਅਤੇ ਸਮਾਜ ਲਈ ਕੰਮ ਕੀਤਾ ਹੈ।

# ਖਾਲਿਦਾ ਜ਼ਿਆ ਦਾ ਖੱਬਾ ਹੱਥ ਕੰਮ ਕਰਨ ਤੋਂ ਹਟ ਗਿਆ

ਢਾਕਾ, 10 ਅਕਤੂਬਰ (ਪੋਸਟ ਬਿਊਰੋ)- ਜੇਲ੍ਹ ਦੀ ਸਜ਼ਾ ਕੱਟ ਰਹੀ ਬੰਗਲਾ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਤੇ ਬੰਗਲਾ ਦੇਸ਼ ਨੈਸ਼ਨਲਿਸਟ ਪਾਰਟੀ (ਬੀ ਐਨ ਪੀ) ਦੀ ਮੁਖੀ ਖਾਲਿਦਾ ਜ਼ਿਆ ਦਾ ਖੱਬਾ ਹੱਥ ਕੰਮ ਨਹੀਂ ਕਰ ਰਿਹਾ।

ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆਦ ਦੇ ਡਾਕਟਰ ਅਬਦੁਲ ਜਲੀਲ ਚੌਧਰੀ ਦੇ ਦੱਸਣ ਮੁਤਾਬਕ ਉਨ੍ਹਾਂ ਦੇ ਹੱਥ ਨੂੰ ਲਕਵਾ ਹੋ ਕੇ ਮੁੜ ਗਿਆ ਹੈ। 73 ਸਾਲਾ ਖਾਲਿਦਾ ਪਿਛਲੇ 30 ਸਾਲਾਂ ਤੋਂ ਗਠੀਆ ਤੋਂ ਪੀੜਤ ਹੈ। ਦਵਾਈ ਠੀਕ ਤਰ੍ਹਾਂ ਨਾ ਲੈਣ ਕਾਰਨ ਉਨ੍ਹਾਂ ਦੇ ਹੱਥ ਨੂੰ ਲਕਵਾ ਹੋ ਗਿਆ ਹੈ।

PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Aikam MEDIA GROUP
Radio Punjab
Monday to Friday 2:00PM to 3:00PM on 89.5 FM
Aikam TV
Every Saturday on Vision TV Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ
INVEST FOR SMART RETURN IN INDIA
SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSPITALS FOR SMART & SAFE RETURNS
Bhalla: 91-9316255513 | Bhullar: 905.453.0000
For More Details www.conceptindiaservices.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
■ ਅਸੀ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6




ਜੀ ਟੀ ਏ ਟੋਰੰਟੋ ਦੇ ਪ੍ਰਸਿੱਧ ਨੈਕਸਸ ਟੀਮ ਰੀਐਲਟਰਜ਼ ਦੇ ਦੀਪ ਸੰਘਾ ਅਤੇ ਰਾਜ ਗਿੱਲ ਵਲੋਂ ਸ਼ਨੀਵਾਰ,6 ਅਕਤੂਬਰ ਨੂੰ ਆਪਣੇਂ ਗ੍ਰਹਿ ਨਿਵਾਸ 34 ਈਸਟਵਿਊ ਸਰਕਲ ਬਰੈਂਪਟਨ ਵਿਖੇ ਬਾਰਬੇਕਿਊ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਬਰੈਮਪਟਨ ਸੈਂਟਰ ਤੋਂ ਐਮ ਪੀ ਰਮੇਸ਼ ਸੰਘਾ,ਬਰੈਂਪਟਨ ਸਿਵਿਕ ਈਲੈਕਸ਼ਨ ਦੇ ਉਮੀਦਵਾਰਾਂ ਵਿੱਚੋਂ ਮੇਅਰ ਕੈਂਡੀਡੇਟ ਲਿੰਡਾ ਜਾਫਰੀ,ਰੀਜਨਲ, ਸੀਟੀ ਕੌਂਸਲਰਜ਼ ਅਤੇ ਸਕੂਲ ਟਰੱਸਟੀ ਕੈਂਡੀਡੇਟਾਂ ਨੇਂ 500 ਮਹਿਮਾਨਾਂ ਸਮੇਤ,ਸ਼ਮੂਲੀਅਤ ਕੀਤੀ। (ਰਿਪੋਰਟ: ਦੇਵ ਝੱਮਟ)



ਸੰਡਲਵੁਡ ਹਾਈਟਜ਼ ਸੀਨੀਅਰ ਕਲੱਬ ਵਲੋਂ ਥੈਂਕਸਗੀਵਿੰਗ ਵੀਕੈਂਡ ਦੌਰਾਨ ਬਾਰਬੇਕਿਊ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਐਮ ਪੀ ਰਮੇਸ਼ ਸੰਘਾ, ਸਕੂਲ ਟਰੱਸਟੀ ਅਵਤਾਰ ਮਿਨਹਾਸ ਸਮੇਤ ਬਰੈਂਪਟਨ ਮੇਅਰ ਕੈਂਡੀਡੇਟ ਲਿੰਡਾ ਜਾਫਰੀ, ਬੱਲ ਗੋਸਲ ਅਤੇ ਰੀਜਨਲ ਕੌਂਸਲਰ, ਕੌਂਸਲਰਜ਼ ਅਤੇ ਸਕੂਲ ਟਰੱਸਟੀ ਉਮੀਦਵਾਰਾਂ ਨੇਂ ਸ਼ਮੂਲੀਅਤ ਕੀਤੀ। (ਰਿਪੋਰਟ: ਦੇਵ ਝੱਮਟ)



ਬਰੈਂਪਟਨ ਸੈਂਟਰ ਮੈਂਬਰ ਪਾਰਲੀਮੈਂਟ ਰਮੇਸ਼ ਸੰਘਾ ਨੇਂ 'ਕਮਿਊਨਿਟੀ ਵਾਰਤਾਲਾਪ' ਸਿਰਲੇਖ ਹੋਏ ਸੈਮੀਨਾਰ ਵਿੱਚ ਸ਼ਮੂਲੀਅਤ ਕੀਤੀ ਜੋ ਕਿ ਯੋਰਕ ਯੂਨੀਵਰਸਿਟੀ ਟੋਰੰਟੋ ਦੇ ਕੈਨਫ ਟਾਵਰ ਵਿੱਚ,ਸੀ ਆਈ ਪੀ ਆਰ ਆਈ,ਵਾਈ ਸੀ ਆਰ ਏ,ਰਾਬਰਟ ਸੈਂਟਰ ਫਾਰ ਕਨੇਡੀਅਨ ਸਟੱਡੀਜ਼ ਅਤੇ ਡਾ ਅੰਬੇਡਕਰ ਮਿਸ਼ਨ ਟੋਰੰਟੋ ਵਲੋਂ ਆਯੋਜਿਤ ਕੀਤਾ ਗਿਆ। (ਰਿਪੋਰਟ: ਦੇਵ ਝੱਮਟ)



ਮੰਗਲਵਾਰ ਵਾਲੇ ਦਿਨ ਮਿਸਟਰ ਮਾਈਕਲ ਫੋਰਡ ਏਸ਼ੀਅਨ ਹੰਵਬਰ ਵੁਡ ਸੀਨੀਅਰ ਕਲੱਬ ਦੇ ਮੈਂਬਰਾਂ ਨੂੰ ਮਿਲੇ। ਏਸ਼ੀਅਨ ਹੰਬਰ ਸੀਨੀਅਰ ਕਲੱਬ ਨੇ ਉਨ੍ਹਾਂ ਦਾ ਸੁਆਗਤ ਕੀਤਾ। ਸੁਲੱਖਣ ਸਿੰਘ ਅਟਵਾਲ ਕੁਲਦੀਪ ਸੋਢੀ ਅਵਤਾਰ ਸਿੰਘ ਮਿਨਹਾਸ ਬਲੌਰ ਬਰਾੜ ਤੇ ਖੱਬੇ ਪਾਸੇ ਗੁਰਦਿਆਲ ਕੰਗ ਅਮਰੀਕ ਰਾਏ ਤੇ ਸੁਰਜੀਤ ਸਿੰਘ ਖੜ੍ਹੇ ਹਨ। ਸਾਰਿਆਂ ਨੇ ਆਪਣੇ ਵਿਚਾਰ ਦਿੱਤੇ। ਮਾਈਕਲ ਫੋਰਡ ਨੇ ਭਾਸ਼ਣ ਦਿੱਤਾ ਆਪਣੇ ਪਿਛਲੇ ਸਾਲ ਦੀਆਂ ਪ੍ਰਾਪਤੀਆਂ ਬਾਰੇ ਦਸਿਆ। ਅਵਤਾਰ ਸਿੰਘ ਮਿਨਹਾਂਸ ਨੇ ਸਾਰੇ ਨੁਕਤੇ ਬਿਆਨ ਕੀਤੇ। ਅੰਤ 'ਚ ਸੁਲੱਖਣ ਸਿੰਘ ਅਟਵਾਲ ਨੇ ਸਾਰੇ ਮੈਬਰਾਂ ਦਾ ਧੰਨਵਾਦ ਕੀਤਾ।



ਸੰਡਲਵੁੱਡ ਹਾਈਟਸ ਸੀਨੀਅਰ ਕਲੱਬ ਦੇ ਮੈਂਬਰਾਂ ਨੇਂ ਪਿਛਲੇ ਹਫਤੇ 5231 ਕਿੰਗ ਸਟਰੀਟ ਕੈਲੇਡਨ ਸ਼ਹਿਰ ਵਿੱਚ,ਬੈਂਸ ਫਾਰਮ ਵਿਖੇ ਬਾਰਬੇਕਿਊ ਪਾਰਟੀ ਦਾ ਆਯੋਜਨ ਕੀਤਾ। (ਰਿਪੋਰਟ: ਦੇਵ ਝੱਮਟ)

## ਬਲਬੀਰ ਸੋਹੀ ਦੇ ਵਾਲੰਟੀਅਰ ਦੇ ਰਹੇ ਨੇ ਘਰ ਘਰ ਦਸਤਕ !




ਫੋਟੋ:- ਕੰਵਲਜੀਤ ਕੰਵਲ

ਬਰੈਂਪਟਨ (ਕੰਵਲਜੀਤ ਸਿੰਘ ਕੰਵਲ) 22 ਅਕਤੂਬਰ ਨੂੰ ਹੋਣ ਜਾ ਰਹੀਆਂ ਮਿਉਂਸਪਲ ਚੋਣਾਂ ਦਾ ਚੋਣ ਪਰਚਾਰ ਆਪਣੀ ਚਰਮ ਸੀਮਾਂ ਵੱਲ ਵੱਧਦਾ ਜਾ ਰਿਹਾ ਹੈ,ਹਰ ਉਮੀਦਵਾਰ ਆਪਣੇ ਵਾਲੰਟੀਅਰਜ਼ ਦੀ ਮਦਦ ਨਾਲ ਵੋਟਰਾਂ ਨਾਲ ਰਾਬਤਾ ਕਾਇਮ ਕਰਨ ਅਤੇ ਆਪਣੇ ਇਲਾਕੇ ਦੇ ਨੂੰ ਵੋਟਰਾਂ ਇਹ ਸਮਝਾਉਣ ਵਿੱਚ ਲੱਗਿਆ ਹੋਇਆ ਹੈ ਕਿ ਉਹਨਾਂ ਦੀ ਵੋਟ ਦਾ ਸਹੀ ਹੱਕਦਾਰ ਉਹੀ ਹੈ। ਇਹਨੀ ਦਿਨੀਂ ਐਡਵਾਂਸ ਪੋਲਿੰਗ ਚ ਵੱਧ ਤੋਂ ਵੱਧ ਵੋਟਰਾਂ ਨੂੰ 22 ਅਕਤੂਬਰ ਭਾਵ ਵੋਟ ਪੈਣ ਦੇ ਆਖਰੀ ਦਿਨ ਤੋਂ ਪਹਿਲਾਂ ਪੋਲਿੰਗ ਬੂਥ ਤੱਕ ਜਾਣ ਲਈ ਪ੍ਰੇਰਿਆ ਜਾ ਰਿਹਾ ਹੈ ਤਾ ਕਿ ਵੋਟਾਂ ਵਾਲੇ ਦਿਨ ਜਿਆਦਾ ਲੰਬੀਆਂ ਲਾਈਨਾਂ ਚ ਲੱਗ ਕੇ ਵੋਟਰਾਂ ਨੂੰ ਆਪਣਾ ਸਮਾਂ ਖਰਾਬ ਨਾਂ ਕਰਨਾਂ ਪਵੇ। ਇਹਨੀਂ ਦਿਨੀਂ ਉਮੀਦਵਾਰਾਂ ਵੱਲੋਂ ਹਰ ਚੌਂਕ ਚੁਰਾਹੇ ਅਤੇ ਲੋਕਾਂ ਦੇ ਘਰਾਂ ਅੱਗੇ ਆਪਣੇ ਸਾਈਨ ਲਗਾਉਣ ਦੀ ਮੁਹਿੰਮ ਵੀ ਉਹਨਾਂ ਦੇ ਵਾਲੰਟੀਅਰਜ਼ ਵੱਲੋਂ ਵੱਡੀ ਪੱਧਰ ਤੇ ਚਲਾਈ ਜਾ ਰਹੀ ਹੈ। ਵੋਟ ਪਾਉਣ ਦੀ ਪਰਕਿਰਿਆ ਤਾਂ ਭਾਵੇਂ ਗੁਪਤ ਹੁੰਦੀ ਹੈ ਪਰ ਘਰ ਦੇ ਅੱਗੇ ਸਾਈਨ ਲਗਵਾਉਣ ਲਈ ਇਜਾਜਤ ਦੇਣ ਵਾਲੀ ਸਥਿੱਤੀ ਕਈ ਵਾਰੀ ਵੋਟਰ ਭਾਵ ਘਰ ਦੇ ਮਾਲਕ ਨੂੰ ਕਸੂਤੀ ਕੜਿੱਕੀ ਚ ਫਸਾ ਦੇਂਦੀ ਹੈ ਜਿਸ ਕਰਕੇ ਘਰਾਂ ਅੱਗੇ ਕਈ ਕਈ ਸਾਈਨ ਸਵੈ ਵਿਰੋਧੀ ਦਿਖਾਈ ਦੇਂਦੇ ਹਨ।

ਇਹਨਾਂ ਵੋਟਾਂ ਚ ਜਿੱਥੇ ਵੋਟਰ ਆਪਣੇ ਆਪਣੇ ਹਲਕੇ ਚ ਮੇਅਰ,ਰੀਜਨਲ ਕੌਂਸਲਰ, ਕੌਸਲਰ ਚੁਣਨਗੇ ਜੋ ਕਿ ਸਿਟੀ ਦੇ ਕੰਮ ਕਾਜਾਂ ਵੱਲ ਆਪਣੀ ਜਿੱਤ ਤੋਂ ਬਾਅਦ ਸਮਾਂ ਦੇਣਗੇ ਉੱਥੇ ਵੋਟਰ ਪੀਲ ਬੋਰਡ ਸਕੂਲ ਟਰੱਸਟੀ ਦੀ ਚੋਣ ਵੀ ਕਰਨਗੇ। ਬਰੈਂਮਪਟਨ ਦੇ ਵਾਰਡ ਨੰਬਰ 9 ਅਤੇ 10 ਵਿੱਚ ਇਕ ਦਰਜਨ ਦੇ ਕਰੀਬ ਉਮੀਦਵਾਰ ਇਸ ਚੋਣ ਮੈਦਾਨ ਵਿੱਚ ਹਨ ਪਰ ਇਹਨੀਂ ਦਿਨੀਂ ਇਸ ਹਲਕੇ ਚ ਬਲਬੀਰ ਸੋਹੀ ਆਪਣੇ ਵਿਰੋਧੀ

### ਬਰੈਂਪਟਨ 'ਚ ਉਮੀਦਵਾਰਾਂ ਦੇ ਸਾਈਨ ਬਣੇ ਖਿੱਚ ਦੇ ਕੇਂਦਰ

ਉਮੀਦਵਾਰਾਂ ਨਾਲੋਂ ਕਿਤੇ ਅੱਗੇ ਦਿਖਾਈ ਦੇ ਰਹੀ ਹੈ। ਉਸ ਦੀ ਟੀਮ ਵੱਲੋਂ ਇਕੱਲੇ ਇਕੱਲੇ ਘਰ ਤੇ ਦਸਤੱਕ ਦਿੱਤੀ ਹੈ ਅਤੇ ਦੇ ਰਹੇ ਹਨ। ਇਸੇ ਹਲਕੇ ਦੀ ਵੋਟਰ ਜਸਪਰੀਤ ਮਾਂਗਟ ਆਖਦੀ ਹੈ ਕਿ ਬਲਬੀਰ ਸੋਹੀ ਜਿੱਥੇ ਇਕ ਪੜ੍ਹੀ ਲਿਖੀ ਉਮੀਦਵਾਰ ਹੈ ਅਤੇ ਦੋ ਸਕੂਲੀ ਬੱਚਿਆਂ ਦੀ ਮਾਂ ਹੋਣ ਕਰਕੇ ਉਸ ਨੂੰ ਸਕੂਲ ਸਿਸਟੱਮ ਚ ਬੱਚਿਆਂ ਦੀਆਂ ਲੋੜਾਂ ਅਤੇ ਮੁਸ਼ਕਲਾਂ ਤੋਂ ਉਹ ਭਲੀ ਭਾਂਤ ਜਾਣੂ ਹੈ। ਬਲਬੀਰ ਸੋਹੀ ਬਾਰੇ ਹਰਜਿੰਦਰ ਕੌਰ ਆਖਦੀ ਹੈ ਕਿ ਉਸ ਨੇ ਆਪਣੇ ਬੱਚਿਆਂ ਲਈ ਉਸ ਤੋਂ ਕਈ ਤਰ੍ਹਾਂ ਦੀਆਂ ਸਲਾਹਾਂ ਲਈਆਂ ਹਨ ਅਤੇ ਉਸ ਪਾਸ ਹਰ ਸਵਾਲ ਦਾ ਜੁਆਬ ਹੈ। ਬਰੈਂਮਪਟਨ ਤੋਂ ਹੀ ਇਕ ਹੋਰ ਵੋਟਰ ਰਾਜੀ ਤਾਪੀਆ ਦਾ ਕਹਿਣਾਂ ਹੈ ਕਿ ਬਲਬੀਰ ਸੋਹੀ ਦਾ ਕੈਨੇਡੀਅਨ ਯੂਨੀਵਰਸਿਟੀ ਵਿੱਚ ਬੱਚਿਆਂ ਲਈ ਪਰੇਰਨਾਂ ਸਰੋਤ ਹੋਣਾਂ ਅਤੇ ਉਸ ਦਾ ਇਸ ਖੇਤਰ ਚ ਆਉਣਾਂ ਇਕ ਸੁਭ ਸ਼ਗਨ ਕਿਹਾ ਜਾ ਸਕਦਾ ਹੈ ਕਿਉਂਕਿ ਉਹ ਇਕ ਯੋਗ ਉਮੀਦਵਾਰ ਹੈ। ਕਿਹਾ ਜਾ ਸਕਦਾ ਹੈ ਕਿ ਬਲਬੀਰ ਸੋਹੀ ਦੇ ਭਾਈਚਾਰੇ ਲਈ ਕੀਤੇ ਬੀਤੇ ਲੰਬੇ ਸਮੇਂ ਤੋਂ ਕੰਮ ਅਤੇ ਉਸ ਦਾ ਪਰਿਵਾਰਿਕ ਤੇਜ਼ਰਬਾ ਅਤੇ ਕੈਨੇਡੀਅਨ ਸਿਸਟਮ ਦੀ ਪੜ੍ਹਾਈ ਉਸ ਨੂੰ ਜਿੱਤ ਵੱਲ ਲਿਜਾਂਦੀ ਦਿਖਾਈ ਦੇਂਦੀ ਹੈ। ਬਲਬੀਰ ਸੋਹੀ ਦੇ ਵਾਲੰਟੀਅਰਜ਼ ਵਿੱਚ ਜਿੱਥੇ ਸਕੂਲੀ ਅਤੇ ਯੂਨੀਵਰਸਿਟੀ ਦੇ ਬੱਚੇ ਸ਼ਾਮਲ ਹਨ ਉੱਥੇ ਇਸ ਹਲਕੇ ਦੀਆਂ ਮਾਵਾਂ ਦਾ ਵੀ ਉਸ ਦੇ ਵਾਲੰਟੀਅਰਜ਼ ਵਿੱਚ ਵੱਡਾ ਯੋਗਦਾਨ ਹੈ। ਵੋਟਾਂ ਵਾਲੇ ਦਿਨ ਸਫਲਤਾ ਦਾ ਤਾਜ ਤਾਂ ਉਸੇ ਉਮੀਦਵਾਰ ਦੇ ਸਿਰ ਤੇ ਸੱਜੇਗਾ ਜੋ ਆਪਣੀ ਅਤੇ ਆਪਣੇ ਵਾਲੰਟੀਅਰਜ਼ ਦੀ ਵੋਟਰਾਂ ਤੱਕ ਕੀਤੀ ਸੁਹਿਰਦ ਪਹੁੰਚ ਅਤੇ ਯੋਗਤਾ ਦਾ ਪਾਤਰ ਹੋਵੇਗਾ।



ਜੀ ਟੀ ਏ ਟੋਰੰਟੋ ਦੀ ਪ੍ਰਸਿੱਧ ਮੀਡੀਆ ਪਰਸੈਨਲਟੀ,ਐਕਟਰ ਅਤੇ ਗੀਤਕਾਰ ਜਯੋਤੀ ਸ਼ਰਮਾ ਆਪਣੀ ਆਉਣ ਵਾਲੀ ਨਵੀਂ ਮਿਊਜ਼ਿਕ ਵੀਡੀਓ 'ਸਰੀ ਵਾਲਾ ਕੋਕਾ' ਦੀ, ਟੋਰੰਟੋ ਵਿਖੇ ਟੀਮ ਮੈਂਬਰਾਂ ਨਾਲ ਸੂਟਿੰਗ ਦੌਰਾਨ। (ਰਿਪੋਰਟ: ਦੇਵ ਝੱਮਟ)

## ਹੁਸ਼ਿਆਰਪੁਰ ਕਲਚਰਲ ਕਲੱਬ ਵੱਲੋਂ ਸਾਲਾਨਾ ਹੁਸ਼ਿਆਰਪੁਰ ਨਾਈਟ

ਹੁਸ਼ਿਆਰਪੁਰ ਕਲਚਰਲ ਕਲੱਬ ਵਲੋਂ ਦਿਨ ਸ਼ਨੀਵਾਰ 20 ਅਕਤੂਬਰ ਨੂੰ ਸ਼ਾਮ 6 ਵਜੇ 2084 ਸਟੀਲਜ਼ ਐਵੇਨਿਊ ਈਸਟ, ਬਰੈਂਪਟਨ ਸਥਿਤ ਸ਼ਿਗਾਰ ਬੈਂਕਟ ਹਾਲ ਵਿੱਚ ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸਾਲਾਨਾਂ ਹੁਸ਼ਿਆਰਪੁਰ ਨਾਈਟ ਦਾ ਆਯੋਜਨ ਕੀਤਾ ਗਿਆ ਹੈ ਜਿਸ ਵਿੱਚ ਗਾਇਕ ਰਣਜੀਤ ਮਣੀਂ ਦੁਆਰਾ ਲਾਈਵ ਗੀਤ-ਸੰਗੀਤ ਦਾ ਪ੍ਰਬੰਧ ਕੀਤਾ ਗਿਆ ਹੈ।ਇਹ ਪ੍ਰੋਗਰਾਮ ਗਿੱਧਾ,ਭੰਗੜਾ ਅਤੇ ਇਨਾਮਾਂ ਨਾਲ ਭਰਪੂਰ ਹੋਵੇਗਾ।ਵਧੇਰੇ ਜਾਣਕਾਰੀ ਲਈ ਅਮਰਜੀਤ ਸਿੰਘ 416 804 1138, ਤਰਸੇਮ ਸਿੰਘ 647 502 3142, ਰਾਜੀਵ ਸਿੰਘ 647 280 6041 ਅਤੇ ਗੁਰਚਰਨ ਸਿੰਘ ਨਾਲ 905 908 0022 ਤੇ ਸੰਪਰਕ ਕੀਤਾ ਜਾ ਸਕਦਾ ਹੈ। (ਰਿਪੋਰਟ: ਦੇਵ ਝੱਮਟ)

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)

SimConnect
FREIGHT MANAGEMENT

HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile

Sim Connect Freight Management

24 Hrs Dispatch

Ph: (905)915-1805/(905)799-8822
3380 Airway Dr Mississauga Ontario L4T1V3



# ਰੋਹਿਤ ਸਿੱਧੂ ਬਰੈਂਪਟਨ ਸਿਟੀ ਕਾਉਂਸਲ ਦੇ ਵਾਰਡ 9 ਤੇ 10 ਤੋਂ ਉਮੀਦਵਾਰ






ਰੋਹਿਤ ਸਿੱਧੂ ਬਰੈਂਪਟਨ ਸਿਟੀ ਕਾਉਂਸਲ ਦੇ ਵਾਰਡ 9 ਤੇ 10, ਸਪਰਿੰਗਡੇਲ ਤੇ ਕਾਸਲਮੋਰ ਤੋਂ ਤੁਹਾਡਾ ਉਮੀਦਵਾਰ ਹੈ। ਰੋਹਿਤ ਸਿੱਧੂ ਦਾ ਜਨਮ ਜੀਟੀਏ ਵਿੱਚ ਹੋਇਆ ਸੀ, ਤੇ ਉਹ ਲੱਗਭਗ ਆਪਣੀ ਪੂਰੀ ਜ਼ਿੰਦਗੀ ਬਰੈਂਪਟਨ ਵਿਖੇ ਹੀ ਰਹਿੰਦਾ ਰਿਹਾ। ਉਹ ਮਰਹੂਮ ਕਵੀਸ਼ਰ ਰਣਜੀਤ ਸਿੰਘ ਸਿਧਵਾਂ ਦੇ ਪੋਤੇ ਤੇ ਤੇਜਿੰਦਰ ਸਿੱਧੂ, ਜਿਨ੍ਹਾਂ ਦੀ ਆਵਾਜ਼ ਤੁਸੀਂ ਦੇਸ਼ ਪਰਦੇਸ਼ ਰੇਡੀਓ ਏਐਮ 530 ਉੱਤੇ ਸੁਣਦੇ ਹੋਂ, ਦੇ ਸਪੁੱਤਰ ਹਨ। ਰੋਹਿਤ ਸਿੱਧੂ ਨੇ ਬਰੈਂਪਟਨ ਤੇ ਪੀਲ ਰੀਜਨ ਦੇ ਵੱਖ ਵੱਖ ਪਬਲਿਕ ਸਕੂਲਾਂ ਵਿੱਚ ਪੜ੍ਹਾਈ ਕੀਤੀ। ਲੱਗਭਗ ਉਮਰ ਭਰ ਬਰੈਂਪਟਨ ਵਿੱਚ ਹੀ ਰਹੇ ਰੋਹਿਤ ਸਿੱਧੂ ਦਿਨੋਂ ਦਿਨ ਵੱਧ ਰਹੇ ਪ੍ਰੌਪਰਟੀ ਟੈਕਸਾਂ ਕਾਰਨ ਇੱਥੋਂ ਦੇ ਪਰਿਵਾਰਾਂ ਨੂੰ ਪੇਸ਼ ਆ ਰਹੀਆਂ ਦਿੱਕਤਾਂ ਨੂੰ ਸਮਝਦੇ ਹਨ। ਬਰੈਂਪਟਨ ਵਿੱਚ ਮਿਸੀਸਾਗਾ ਤੇ ਟੋਰਾਂਟੋ ਦੇ ਨਾਲ ਨਾਲ ਸਮੁੱਚੇ ਜੀਟੀਏ ਨਾਲੋਂ ਵੀ ਜ਼ਿਆਦਾ ਪ੍ਰੌਪਰਟੀ ਟੈਕਸ ਹਨ। ਮੰਦਭਾਗੀ ਗੱਲ ਇਹ ਹੈ ਕਿ ਇਨ੍ਹਾਂ ਉੱਚ ਪ੍ਰੌਪਰਟੀ ਟੈਕਸਾਂ ਦਾ ਮਤਲਬ ਇਹ ਨਹੀਂ ਹੈ ਕਿ ਇੱਥੇ ਮਿਉਂਸਪਲ ਸੇਵਾਵਾਂ ਹੋਰਨਾਂ ਸ਼ਹਿਰਾਂ ਨਾਲੋਂ ਬਿਹਤਰ ਹਨ। ਅਸਲ ਵਿੱਚ ਮਿਉਂਸਪਲ ਸੇਵਾਵਾਂ ਜਿਵੇਂ ਕਿ ਗਾਰਬੇਜ ਕੁਲੈਕਸ਼ਨ, ਰੀਸਾਈਕਲਿੰਗ ਤੇ ਸਨੋਅ ਹਟਾਉਣਾ ਆਦਿ ਵਿੱਚ ਪਿਛਲੇ 4 ਸਾਲਾਂ ਵਿੱਚ ਨਿਘਾਰ ਹੀ ਆਇਆ ਹੈ। ਇਨ੍ਹਾਂ ਉੱਚ ਪ੍ਰੌਪਰਟੀ ਟੈਕਸਾਂ ਨਾਲ ਵਧੇਰੇ ਹਸਪਤਾਲ, ਜਿਨ੍ਹਾਂ ਦੀ ਬਰੈਂਪਟਨ ਨੂੰ ਫੌਰੀ ਲੋੜ ਹੈ, ਤਿਆਰ ਕਰਨ ਵਿੱਚ ਕੋਈ ਮਦਦ ਨਹੀਂ ਮਿਲੀ। ਇਨ੍ਹਾਂ ਉੱਚ ਪ੍ਰੌਪਰਟੀ ਟੈਕਸਾਂ ਨਾਲ ਵਧੇਰੇ ਪੁਲਿਸ ਅਧਿਕਾਰੀ ਵੀ ਤਾਇਨਾਤ ਨਹੀਂ ਕੀਤੇ ਗਏ। ਇਨ੍ਹਾਂ ਉੱਚ ਪ੍ਰੌਪਰਟੀ ਟੈਕਸਾਂ ਦੇ ਬਦਲੇ ਮਿਲਣ ਵਾਲੀਆਂ ਮਿਉਂਸਪਲ ਸੇਵਾਵਾਂ, ਜਿਹੜੀਆਂ ਸਿਟੀ ਆਫ ਬਰੈਂਪਟਨ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ, ਵੀ ਨਿਗੂਣੀਆਂ ਜਿਹੀਆਂ ਹੀ ਹਨ। ਜੇ ਤੁਸੀਂ ਚਾਹੁੰਦੇ ਹੋਂ ਕਿ ਤੁਹਾਡੇ ਟੈਕਸ ਡਾਲਰ ਤੁਹਾਨੂੰ ਹੋਰ ਵਧੀਆ ਮਿਉਂਸਪਲ ਸੇਵਾਵਾਂ, ਬਿਹਤਰ ਫੰਡਿੰਗ, ਪਾਰਦਰਸ਼ੀ ਫੰਡਿੰਗ ਮੁਹੱਈਆ ਕਰਵਾਉਣ ਤਾਂ 22 ਅਕਤੂਬਰ ਨੂੰ ਰੋਹਿਤ ਸਿੱਧੂ ਨੂੰ ਵੋਟ ਪਾ ਕੇ ਵਾਰਡ 9 ਤੇ 10, ਸਪਰਿੰਗਡੇਲ ਤੇ ਕਾਸਲਮੋਰ ਤੋਂ ਬਰੈਂਪਟਨ ਸਿਟੀ ਕਾਉਂਸਲਰ ਬਣਾਓ। ਤੁਹਾਡੇ ਵਿੱਚੋਂ ਰੋਹਿਤ ਸਿੱਧੂ ਦਾ ਸਮਰਥਨ ਕਰਨ ਵਿੱਚ ਦਿਲਚਸਪੀ ਰੱਖਣ ਵਾਲਿਆਂ ਲਈ ਜਾਂ ਵਾਲੰਟੀਅਰ ਵਜੋਂ ਨਾਲ ਜੁੜਨ ਵਾਲਿਆਂ ਲਈ ਤੁਸੀਂ ਉਸ ਦੀ ਕੈਂਪੇਨ ਨਾਲ 416-999-1300 ਉੱਤੇ ਸੰਪਰਕ ਕਰ ਸਕਦੇ ਹੋਂ ਜਾਂ .. ਉੱਤੇ ਵਿਜ਼ਿਟ ਕਰ ਸਕਦੇ ਹੋਂ। ਵਾਰਡ 9 ਤੇ 10, ਸਪਰਿੰਗਡੇਲ ਤੇ ਕਾਸਲਮੋਰ ਲਈ ਰੋਹਿਤ ਸਿੱਧੂ ਨੂੰ ਅਗਲਾ ਸਿਟੀ ਕਾਉਂਸਲਰ ਬਣਾਉਣ ਵਾਤਸੇ 22 ਅਕਤੂਬਰ ਨੂੰ ਉਨ੍ਹਾਂ ਨੂੰ ਵੋਟ ਪਾਓ। ਬਰੈਂਪਟਨ ਸੌਕਰ ਸੈਂਟਰ ਤੇ ਗੋਰ ਮੀਡੋਅਜ਼ ਕਮਿਊਨਿਟੀ ਸੈਂਟਰ ਜਾਂ 6 ਅਕਤੂਬਰ ਦਿਨ ਸ਼ਨਿੱਚਰਵਾਰ ਤੇ 13 ਅਕਤੂਬਰ ਦਿਨ ਸ਼ਨਿੱਚਰਵਾਰ ਨੂੰ ਐਡਵਾਂਸ ਵੋਟਿੰਗ ਕੀਤੀ ਜਾ ਸਕਦੀ ਹੈ।

## ਬਿਊਟੀ ਟਿਪਸ ਮਲਾਈ ਨਾਲ ਨਿਖਰੇ ਸੁੰਦਰਤਾ

ਕਦੇ ਗੋਰਾ ਬਣਾਉਣ ਵਾਲੀ ਫੇਅਰਨੈੱਸ ਕਰੀਮ ਨਾਲ ਗੋਰੇਪਨ ਦੀ ਉਮੀਦ ਤਾਂ ਕਦੇ ਐਂਟੀ ਏਜ਼ਿੰਗ ਕ੍ਰੀਮ ਨਾਲ ਉਮਰ ਨੂੰ ਰੋਕਣ ਦਾ ਯਤਨ ਮਤਲਬ ਖੂਬਸੂਰਤੀ ਪਾਉਣ ਦੀ ਇੱਛਾ ਵਿੱਚ ਲੜਕੀਆਂ ਕੀ-ਕੀ ਉਪਾਅ ਨਹੀਂ ਕਰਦੀਆਂ। ਆਪਣੇ ਚਿਹਰੇ 'ਤੇ ਤਰ੍ਹਾਂ ਤਰਵਾਂ ਦੇ ਕਾਸਮੈਟਿਕ ਦੀ ਪਰਤ ਚੜ੍ਹਾਉਣੇ ਦੇ ਬਾਵਜੂਦ ਵੀ ਲੜਕੀਆਂ ਉਸ 'ਤੇ ਹੋਰ ਵੱਧ ਐਕਸਪੈਰੀਮੈਂਟ ਕਰਨ ਤੋਂ ਬਾਜ਼ ਨਹੀਂ ਆਉਂਦੀਆਂ, ਜਿਸ ਦਾ ਨਤੀਜਾ ਝੁਰੜੀਆਂ, ਪਿੰਪਲਸ, ਡਾਰਕ ਸਰਕਲਸ ਅਤੇ ਹੋਰ ਸਕਿਨ ਪ੍ਰਬਲਮਸ ਦੇ ਰੂਪ 'ਚ ਸਾਡੇ ਸਾਹਮਣੇ ਹੁੰਦਾ ਹੈ। ਬਾਜ਼ਾਰ ਵਿੱਚ ਮਿਲਣ ਵਾਲੀਆਂ ਨਵੀਆਂ-ਨਵੀਆਂ ਕਰੀਮਾਂ ਤੁਸੀਂ ਹਮੇਸ਼ਾ ਹੀ ਟਰਾਈ ਕਰਦੇ ਆਏ ਹੋ, ਪਰ ਕਦੇ ਘਰ 'ਚ ਹਮੇਸ਼ਾ ਉਪਲਬਧ ਰਹਿਣ ਵਾਲੀ ਉਪਯੋਗੀ ਕ੍ਰੀਮ ਟਰਾਈ ਕਰ ਕੇ ਦੇਖੋ। ਅਸੀਂ ਗੱਲ ਕਰ ਰਹੇ ਹਾਂ ਮਲਾਈ ਦੀ, ਜੋ ਹਰ ਸਮੇਂ ਘਰ ਵਿੱਚ ਫਰੈਸ਼ ਮਿਲਦੀ ਹੈ ਅਤੇ ਇਸ ਦੇ ਫਾਇਦੇ ਵੀ ਘੱਟ ਨਹੀਂ। ਇੱਕ ਵਾਰ ਮਲਾਈ ਨੂੰ ਵੀ ਅਜ਼ਮਾ ਕੇ ਦੇਖੋ ਕਿ ਤੁਹਾਨੂੰ ਕਿਸ ਤਰ੍ਹਾਂ ਮੁਲਾਇਮ ਬਿਊਟੀ ਮਿਲੇ ਜਾਵੇਗੀ।

* ਇੱਕ ਚਮਚ ਮਲਾਈ 'ਚ ਨਿੰਬੂ ਦਾ ਰਸ ਮਿਲਾ ਕੇ ਰੋਜ਼ ਚਿਹਰੇ ਤੇ ਬੁੱਲ੍ਹਾਂ 'ਤੇ ਲਾਉਣ ਨਾਲ ਇਹ ਫਟਦੇ ਨਹੀਂ।
* ਥੋੜ੍ਹੀ ਜਿਹੀ ਮਲਾਈ ਅਤੇ ਇੱਕ ਚਮਚ ਵੇਸਣ ਦਾ ਵਟਣਾ ਸਾਬਣ ਦਾ ਬਿਹਤਰੀਨ ਆਪਸ਼ਨ ਹੈ, ਇਸ ਨਾਲ ਚਮੜੀ ਮੁਲਾਇਮ ਬਣਦੀ ਹੈ।
* ਮੁਲਤਾਨੀ ਮਿੱਟੀ ਨੂੰ ਪੀਸ ਕੇ ਉਸ ਵਿੱਚ ਮਲਾਈ ਮਿਲਾ ਕੇ ਚਿਹਰੇ ਅਤੇ ਕੂਹਣੀਆਂ 'ਤੇ ਲਗਾਉਣ ਨਾਲ ਉਸ ਦੇ ਰੰਗ 'ਚ ਨਿਖਾਰ ਆਉਂਦਾ ਹੈ।
* ਤਿੰਨ-ਚਾਰ ਬਾਦਾਮ ਅਤੇ 10-12 ਦੇਸੀ ਗੁਲਾਬ ਦੀਆਂ ਪੱਤੀਆਂ ਪੀਸ ਕੇ, ਇੱਕ ਚਮਚ ਮਲਾਈ ਮਿਲਾ ਕੇ ਚਿਹਰੇ 'ਤੇ ਲਗਾਉਣ ਨਾਲ ਝੁਰੜੀਆਂ ਤੇ ਚਮੜੀ ਦੇ ਧੱਬੇ ਦੂਰ ਹੋ ਜਾਂਦੇ ਹਨ।
* ਮਲਾਈ 'ਚ ਸਮੁੰਦਰੀ ਫੇਨ ਦਾ ਬਰੀਕ ਪਾਊਡਰ ਮਿਲਾ ਕੇ ਲਗਾਉਣ ਨਾਲ ਮੁਹਾਸੇ ਠੀਕ ਹੋ ਜਾਂਦੇ ਹਨ।
* ਮੁਸੱਮੀ ਜਾਂ ਸੰਤਰੇ ਦੇ ਛਿਲਕਿਆਂ ਨੂੰ ਪੀਸ ਕੇ ਉਸ 'ਚ ਮਲਾਈ ਮਿਲਾ ਕੇ ਵਟਣਾ ਲਾਣ ਨਾਲ ਚਮੜੀ ਮੁਲਾਇਮ ਤੇ ਸਾਫ ਹੁੰਦੀ ਹੈ।
* ਇੱਕ ਚਮਚ ਮਲਾਈ ਵਿੱਚ ਇੱਕ ਚਮਚ ਸੇਬ ਦਾ ਰਸ ਮਿਲਾ ਲਓ, ਹੁਣ ਇਸ ਨੂੰ ਚੰਗੀ ਤਰ੍ਹਾਂ ਨਾਲ ਫੈਂਟ ਕੇ ਹਲਕੇ ਹੱਥ ਨਾਲ ਚਿਹਰੇ 'ਤੇ ਲਗਾਉਣ ਨਾਲ ਕੁਝ ਹੀ ਦਿਨਾਂ ਵਿੱਚ ਰੰਗ ਸਾਫ ਹੋਣ ਲੱਗਦਾ ਹੈ।

# ਤਬਦੀਲੀ ਦੀ ਉਡੀਕ ਵਿੱਚ ਨਿਆਂ ਪਾਲਿਕਾ

-ਅਰਵਿੰਦ ਮੋਹਨ-

ਇਸ ਗੱਲ 'ਤੇ ਖੁਸ਼ ਹੋਣਾ ਚਾਹੀਦਾ ਹੈ ਕਿ ਚੀਫ ਜਸਟਿਸ ਦੇ ਅਹੁਦੇ ਦੀ ਸਹੁੰ ਚੁੱਕਦਿਆਂ ਸਾਰ ਜਸਟਿਸ ਰੰਜਨ ਗੋਗੋਈ ਨੇ ਜੋ ਕੁਝ ਕਿਹਾ ਅਤੇ ਕੀਤਾ ਹੈ, ਉਹ ਇਸ ਗੱਲ ਦੀ ਆਸ ਜਗਾਉਂਦਾ ਹੈ ਕਿ ਉਹ ਅਦਾਲਤਾਂ ਦੇ ਕੰਮ-ਕਾਜ ਨੂੰ ਸੁਧਾਰ ਕੇ ਤੇਜ਼ੀ ਨਾਲ ਇਨਸਾਫ ਦਿਵਾਉਣ ਨੂੰ ਆਪਣੀ ਮੁੱਢਲੀ ਪਹਿਲ ਮੰਨਦੇ ਹਨ। ਉਹ ਕਿਵੇਂ ਜੱਜ ਕਰ ਰਹੇ ਹਨ ਅਤੇ ਉਨ੍ਹਾਂ ਨੇ ਕਿਹੜੇ ਕਿਹੜੇ ਵੱਡੇ ਮਾਮਲੇ ਵਿੱਚ ਕੀ ਫੈਸਲਾ ਦਿੱਤਾ ਹੈ, ਇਹ ਗਿਣਾਉਣ ਦਾ ਕੋਈ ਮਤਲਬ ਨਹੀਂ, ਪਰ ਉਨ੍ਹਾਂ ਦਾ ਰਿਕਾਰਡ ਹੀ ਉਨ੍ਹਾਂ ਨੂੰ ਚੀਫ ਜਸਟਿਸ ਬਣਨ ਦੇਣ ਦੇ ਰਾਹ ਵਿੱਚ ਅੜਿੱਕਾ ਬਣਦਾ ਲੱਗ ਰਿਹਾ ਸੀ। ਉਹ ਉਨ੍ਹਾਂ ਤਿੰਨ ਜੱਜਾਂ ਵਿੱਚੋਂ ਇੱਕ ਹਨ, ਜਿਨ੍ਹਾਂ ਨੇ ਸਾਬਕਾ ਚੀਫ ਜਸਟਿਸ ਦੀਪਕ ਮਿਸ਼ਰਾ ਦੇ ਕੰਮ-ਕਾਜ ਦੀ ਸ਼ੈਲੀ ਅਤੇ ਅਦਾਲਤੀ ਕੰਮ-ਕਾਜ ਵਿੱਚ ਵਧਦੇ ਸਰਕਾਰ ਦੇ ਦਖਲ ਦਾ ਸਵਾਲ ਪ੍ਰੈਸ ਕਾਨਫਰੰਸ ਦੇ ਜ਼ਰੀਏ ਉਠਾ ਕੇ ਤੂਫਾਨ ਖੜ੍ਹਾ ਕਰ ਦਿੱਤਾ ਸੀ ਅਤੇ ਉਦੋਂ ਇਹ ਲੱਗਣ ਲੱਗਾ ਸੀ ਕਿ ਕਿਤੇ ਇਹ ਕੰਮ ਉਨ੍ਹਾਂ ਦੇ ਚੀਫ ਜਸਟਿਸ ਬਣਨ ਦੇ ਰਾਹ ਵਿੱਚ ਰੁਕਾਵਟ ਨਾ ਬਣ ਜਾਵੇ, ਪਰ ਜਸਟਿਸ ਦੀਪਕ ਮਿਸ਼ਰਾ ਅਤੇ ਸਰਕਾਰ ਨੇ ਵੀ ਥੋੜ੍ਹੀ ਹੀਲ-ਹੁੱਜਤ ਤੋਂ ਬਾਅਦ ਰੰਜਨ ਗੋਗੋਈ ਨੂੰ ਚੀਫ ਜਸਟਿਸ ਬਣਾਉਣ ਦਾ ਐਲਾਨ ਕਰ ਦਿੱਤਾ।

ਜਸਟਿਸ ਗੋਗੋਈ ਨੇ ਨਾ ਸਿਰਫ ਅਦਾਲਤਾਂ ਵਿੱਚ ਪੈਂਡਿੰਗ ਕੇਸਾਂ ਦੇ ਛੇਤੀ ਨਿਪਟਾਰੇ ਦਾ ਸੰਕਲਪ ਦੁਹਰਾਇਆ, ਸਗੋਂ ਪਹਿਲੇ ਹੀ ਦਿਨ ਆਪਣੀ ਕਾਰਜ ਸ਼ੈਲੀ ਮੁਤਾਬਕ ਇਸ ਦੀ ਸ਼ੁਰੂਆਤ ਵੀ ਕਰ ਦਿੱਤੀ। ਉਨ੍ਹਾਂ ਨੇ ਫੌਰੀ ਸੁਣਵਾਈ ਦੇ ਮਾਮਲੇ ਤੈਅ ਕਰਨ ਦੀ ਪਹਿਲੇ ਦਿਨ ਵਾਲੀ ਰਿਵਾਇਤ ਵੀ ਖਤਮ ਕਰ ਦਿੱਤੀ। ਉਨ੍ਹਾਂ ਨੇ ਭਾਜਪਾ ਨੇਤਾ ਅਤੇ ਵਕੀਲ ਅਸ਼ਵਨੀ ਉਪਾਧਿਆਏ ਦੇ ਚੋਣ ਸੁਧਾਰ ਸੰਬੰਧੀ ਲੋਕਹਿੱਤ ਦੇ ਮਾਮਲੇ ਬਾਰੇ ਤਾਂ ਇਨਕਾਰ ਕੀਤਾ ਹੀ, ਪ੍ਰਸ਼ਾਂਤ ਭੂਸ਼ਣ ਵੱਲੋਂ ਰੋਹਿੰਗਿਆ ਮੁਸਲਮਾਨਾਂ ਨੂੰ ਮਿਆਂਮਾਰ ਵਾਪਸ ਭੇਜਣ ਦੇ ਫੈਸਲੇ 'ਤੇ ਰੋਕ ਲਾਉਣ ਵਾਲੀ ਫੌਰੀ ਸੁਣਵਾਈ ਦੀ ਗੱਲ ਵੀ ਨਹੀਂ ਮੰਨੀ ਅਤੇ ਸਾਫ ਕਹਿ ਦਿੱਤਾ ਕਿ ਫੌਰੀ ਸੁਣਵਾਈ ਸਿਰਫ ਫਾਂਸੀ ਅਤੇ ਘਰ ਬਚਾਉਣ ਵਰਗੇ ਮਾਮਲਿਆਂ ਵਿੱਚ ਹੀ ਕੀਤੀ ਜਾਵੇਗੀ, ਵਕੀਲ ਅਤੇ ਮੁਵੱਕਿਲ ਦਾ ਮੂੰਹ ਅਤੇ ਪੈਸਾ ਦੇਖ ਕੇ ਨਹੀਂ।

ਅਸੀਂ ਜਾਣਦੇ ਹਾਂ ਕਿ ਅਦਾਲਤਾਂ ਰਾਤ ਨੂੰ ਅਤੇ ਛੁੱਟੀ ਵਾਲੇ ਦਿਨ ਵੀ ਬੈਠਦੀਆਂ ਰਹੀਆਂ ਹਨ ਤੇ ਸ਼ਾਇਦ ਹੀ ਕਿਸੇ ਦੇ ਫਾਂਸੀ ਉੱਤੇ ਲਟਕ ਜਾਣ ਜਾਂ ਰਿਹਾਇਸ਼ ਗੁਆਉਣ ਵਰਗਾ ਮਾਮਲਾ ਹੁੰਦਾ ਹੈ। ਹਾਲਤ ਇਹ ਹੋ ਗਈ ਕਿ ਪੈਸੇ ਵਾਲਿਆਂ ਦੀ ਸੁਣਵਾਈ ਕਿਸੇ ਸਮੇਂ ਵੀ ਹੋ ਜਾਂਦੀ ਹੈ, ਜਦ ਕਿ ਗਰੀਬਾਂ ਦੇ ਮਾਮਲਿਆਂ ਦੀ ਸੁਣਵਾਈ ਲਟਕੀ ਰਹਿੰਦੀ ਹੈ। ਅਜਿਹੀ ਸੁਣਵਾਈ ਦਾ ਅਦਾਲਤਾਂ ਵਿੱਚ ਪਏ ਕਰੋੜਾਂ ਮਾਮਲਿਆਂ 'ਤੇ ਚਾਹੇ ਅਸਰ ਨਾ ਪਵੇ, ਪਰ ਅਦਾਲਤ ਦੇ ਅਕਸ ਉਤੇ ਜ਼ਰੂਰ ਪੈਂਦਾ ਹੈ। ਜ਼ਿਕਰਯੋਗ ਹੈ ਕਿ ਅਸ਼ਵਨੀ ਉਪਾਧਿਆਏ ਨੇ ਚੀਫ ਜਸਟਿਸ ਨੂੰ ਵਧਾਈ ਦੇਣ ਦੇ ਨਾਲ ਹੀ ਆਪਣੇ ਮਾਮਲੇ ਦੀ ਗੱਲ ਉਠਾਈ ਤਾਂ ਜਸਟਿਸ ਗੋਗੋਈ ਨੇ ਕਿਹਾ ਕਿ ਏਥੇ ਤੁਸੀਂ ਪਟੀਸ਼ਨਕਰਤਾ ਦੀ ਭੂਮਿਕਾ ਵਿੱਚ ਹੋ, ਉਸ ਰੰਗ ਵਿੱਚ ਆਓ ਅਤੇ ਕਾਲਾ ਕੋਟ ਪਹਿਨ ਕੇ ਸੀਨੀਅਰ ਵਕੀਲ ਵਜੋਂ ਸਿਰਫ ਵਧਾਈ ਦਿਓ।

ਚੀਫ ਜਸਟਿਸ ਜਾਣਦੇ ਹਨ ਕਿ ਹੇਠਲੀਆਂ ਅਦਾਲਤਾਂ ਵਿੱਚ ਜੱਜਾਂ, ਸਹੂਲਤਾਂ ਅਤੇ ਸਟਾਫ ਦੀ ਘਾਟ ਹੀ ਕੇਸਾਂ ਦੀ ਦੇਰੀ ਦੀ ਮੁੱਖ ਵਜ੍ਹਾ ਹੈ, ਸੋ ਉਨ੍ਹਾਂ ਨੇ ਇੱਕ ਕਦਮ ਅੱਗੇ ਵਧ ਕੇ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਨਾਲ ਹੇਠਲੀਆਂ ਅਦਾਲਤਾਂ ਵਿੱਚ ਵੀ ਨਿਯੁਕਤੀਆਂ ਛੇਤੀ ਕਰਨ ਦੀ ਗੱਲ ਕਹੀ। ਜ਼ਿਕਰ ਯੋਗ ਹੈ ਕਿ ਜ਼ਿਲ੍ਹਾ ਅਤੇ ਸ਼ੈਸਨ ਕੋਰਟਾਂ ਵਿੱਚ ਜੱਜਾਂ ਦੇ ਲਗਭਗ ਛੇ ਹਜ਼ਾਰ ਅਹੁਦੇ ਖਾਲੀ ਹਨ। ਇਨ੍ਹਾਂ ਨਿਯੁਕਤੀਆਂ ਦੀ ਚਰਚਾ ਅਕਸਰ ਨਹੀਂ ਹੁੰਦੀ ਕਿਉਂਕਿ ਇਹ ਜੁਡੀਸ਼ਲ ਸੇਵਾ ਦੇ ਮੁਕਾਬਲੇ ਵਾਲੇ ਇਮਤਿਹਾਨ ਦੇ ਜ਼ਰੀਏ ਕੀਤੀਆਂ ਜਾਂਦੀਆਂ ਹਨ, ਪਰ ਇਹ ਇਮਤਿਹਾਨ ਸਮੇਂ ਸਿਰ ਹੋਣ ਅਤੇ ਸਾਰੇ ਅਹੁਦਿਆਂ ਲਈ ਹੋਣ, ਇਸ ਦੀ ਚਿੰਤਾ ਤਾਂ ਕੀਤੀ ਹੀ ਜਾ ਸਕਦੀ ਹੈ। ਇਹੋ ਕਮੀ ਅਦਾਲਤੀ ਮਾਮਲਿਆਂ ਦੀ ਗਿਣਤੀ ਵਧਾਉਂਦੀ ਹੈ ਤੇ ਗਰੀਬਾਂ ਨੂੰ ਇਨਸਾਫ ਤੋਂ ਦੂਰ ਰੱਖਦੀ ਹੈ। ਇਸੇ ਕਾਰਨ ਬੱਕਰੀ ਚੋਰੀ ਕਰਨ ਦੇ ਦੋਸ਼ ਵਿੱਚ ਫੜਿਆ ਗਿਆ ਗਰੀਬ ਵਰ੍ਹਿਆਂ ਤੱਕ ਜੇਲ੍ਹ ਵਿੱਚ ਸੜਦਾ ਰਹਿੰਦਾ ਹੈ। ਉਸ ਦੀ ਜ਼ਮਾਨਤ ਕਰਵਾਉਣ ਲਈ ਕੋਈ ਨਹੀਂ ਆਉਂਦਾ ਅਤੇ ਇਥੇ ਵੀ ਪੈਸੇ ਵਾਲਿਆਂ ਦੀ ਜ਼ਮਾਨਤ ਹੀ ਮੁੱਖ ਧੰਦਾ ਬਣ ਗਈ ਹੈ।

ਸੁਪਰੀਮ ਕੋਰਟ ਤੇ ਹਾਈ ਕੋਰਟਾਂ ਵਿੱਚ ਜੱਜਾਂ ਦੀ ਘਾਟ ਦਾ ਹੈ, ਜਿਨ੍ਹਾਂ ਦੀ ਨਿਯੁਕਤੀ ਦਾ ਮੁੱਦਾ ਜਸਟਿਸ ਗੋਗੋਈ ਨੂੰ ਪ੍ਰੇਸ਼ਾਨ ਕਰੇਗਾ। ਇੱਕ ਜੱਜ ਦੀ ਤਰੱਕੀ ਦੀ ਫਾਈਲ ਪਿੱਛੇ ਜਿਹੇ ਚਰਚਾ ਵਿੱਚ ਰਹੀ ਹੈ, ਜਿਸ ਨੂੰ ਕੇਂਦਰ ਸਰਕਾਰ ਨੇ ਕਈ ਵਾਰ ਵਾਪਸ ਭੇਜਿਆ ਸੀ, ਪਰ ਇਹ ਸਿਰਫ ਸੁਪਰੀਮ ਕੋਰਟ ਦਾ ਮਾਮਲਾ ਨਹੀਂ ਹੈ। ਹਾਈ ਕੋਰਟਾਂ ਵਿੱਚ ਵੀ ਜੱਜਾਂ ਦੇ ਚਾਲੀ ਫੀਸਦੀ ਅਹੁਦੇ ਖਾਲੀ ਪਏ ਹਨ। ਇਹ ਨਿਯੁਕਤੀਆਂ ਖੁੱਲ੍ਹੀ ਮੁਕਾਬਲੇਬਾਜ਼ੀ ਵਿੱਚ ਨਹੀਂ, ਪਰ ਜਦੋਂ ਨਿਯੁਕਤੀ ਹੀ ਘੱਟ ਹੋਵੇ ਤਾਂ ਇਸ ਦੋਸ਼ ਦਾ ਵੀ ਧੰਨਵਾਦ ਦੇ ਸੰਦਰਭ ਵਿੱਚ ਕੋਈ ਖਾਸ ਮਤਲਬ ਨਹੀਂ ਰਹਿ ਜਾਂਦਾ।

ਹਾਈ ਕੋਰਟਾਂ ਵਿੱਚ ਜੱਜਾਂ ਦੇ ਕੁੱਲ ਮਨਜ਼ੂਰਸ਼ੁਦਾ ਅਹੁਦੇ 1079 ਹਨ, ਪਰ ਸਿਰਫ 659 ਜੱਜ ਹੀ ਕੰਮ ਕਰ ਰਹੇ ਹਨ। ਹਰ ਸਾਲ 75 ਤੋਂ 85 ਜੱਜ ਰਿਟਾਇਰ ਹੁੰਦੇ ਹਨ, ਇਸ ਲਈ ਜੇ ਜ਼ਿਆਦਾ ਰਫਤਾਰ ਨਾਲ ਨਿਯੁਕਤੀਆਂ ਨਾ ਹੋਈਆਂ ਤਾਂ ਇੱਕ ਗੰਭੀਰ ਸੰਕਟ ਖੜ੍ਹਾ ਹੋ ਜਾਵੇਗਾ।

ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਜੱਜਾਂ ਦੀ ਤਨਖਾਹ ਤਿੰਨ-ਚਾਰ ਗੁਣਾਂ ਵਧਾਈ ਜਾਣੀ ਚਾਹੀਦੀ ਹੈ, ਤਾਂ ਹੀ ਕਾਨੂੰਨ ਦੀ ਦੁਨੀਆ ਵਿੱਚ ਆਉਣ ਵਾਲੇ ਤੇਜ਼ ਲੋਕ ਜੱਜ ਬਣਨਾ ਚਾਹੁਣਗੇ। ਅਜੇ ਵਕਾਲਤ ਵਿੱਚ ਬਹੁਤ ਕਮਾਈ ਹੈ, ਜਿਸ ਲਈ ਪ੍ਰਤਿਭਾਸ਼ਾਲੀ ਮੁੰਡੇ-ਕੁੜੀਆਂ ਜੱਜ ਬਣਨ ਤੋਂ ਬਚਦੇ ਹਨ। ਚੀਫ ਜਸਟਿਸ ਗੋਗੋਈ ਨੇ ਇਸ ਮਸਲੇ ਨੂੰ ਵੀ ਆਪਣੇ ਬਿਆਨ ਵਿੱਚ ਸ਼ਾਮਲ ਕਰਦਿਆਂ ਕਿਹਾ ਕਿ ਸਿਰਫ ਤਨਖਾਹਾਂ ਵਧਾਉਣ ਜਾਂ ਸੇਵਾ ਮੁਕਤੀ ਦੀ ਉਮਰ ਵਧਾਉਣ ਨਾਲ ਕੋਈ ਖਾਸ ਫਰਕ ਨਹੀਂ ਪਵੇਗਾ, ਜ਼ਿਆਦਾ ਜ਼ਰੂਰੀ ਚੀਜ਼ ਇਸ ਅਹੁਦੇ ਦੀ ਸ਼ਾਨ ਅਤੇ ਮਰਿਆਦਾ ਨੂੰ ਬਣਾਈ ਰੱਖਣਾ ਹੈ ਅਤੇ ਇਹ ਕੰਮ ਚੰਗਾ, ਫੌਰੀ ਤੇ ਨਿਰਪੱਖ ਇਨਸਾਫ ਦੇਣ ਨਾਲ ਹੀ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸਮਾਜ ਦੇ ਹਾਸ਼ੀਏ 'ਤੇ ਪੁੱਜੇ ਲੋਕਾਂ ਦਾ ਨਿਆਂ ਪ੍ਰਕਿਰਿਆ ਤੋਂ ਦੂਰ ਹੋਣਾ ਉਨ੍ਹਾਂ ਨੂੰ ਬਹੁਤ ਰੜਕਦਾ ਹੈ ਅਤੇ ਉਹ ਚਾਹੁਣਗੇ ਕਿ ਇਸ ਮੁੱਦੇ ਨੂੰ ਤਰਜੀਹ ਦੇਣ। ਉਨ੍ਹਾਂ ਦਾ ਰਿਕਾਰਡ ਵੀ ਇਹੋ ਕਹਿੰਦਾ ਹੈ। ਉਮੀਦ ਕਰਨੀ ਚਾਹੀਦੀ ਹੈ ਕਿ ਆਪਣੇ ਛੋਟੇ ਜਿਹੇ ਕਾਰਜਕਾਲ ਵਿੱਚ ਹੀ ਉਹ ਇਸ ਦਿਸ਼ਾ ਵਿੱਚ ਵੱਡੇ ਕਦਮ ਚੁੱਕੇ ਸਕਣਗੇ।

FREDERICK BANTING
INTERNATIONAL SCHOOL



- CLASSES FROM KINDERGARTEN TO GRADE 12
- SMALL CLASS SIZE (MAX 19 STUDENTS PER CLASS)
- CELL PHONES NOT ALLOWED ON SCHOOL PROPERTY
- INNOVATIVE MATH PROGRAM AND NO USE OF CALCULATORS UNTIL GRADE 8



- ROBOTICS & STEM CLUB; MENTAL MATH; CHESS; MARTIAL ARTS; YOGA
- WESTERN DANCES (HIP HOP, JAZZ, BALLET, AND OTHERS); BHANGRA (PUNJABI FOLK DANCE); BOLLYWOOD DANCE
- FREE ACADEMIC HELP UNTIL 6:00 PM
- FRENCH LANGUAGE CLASSES BEGINNING FROM KINDERGARTEN




COVENTRY CAMPUS
21 Coventry Rd, Brampton, Ontario L6T 4V7
Phone: 647-407-4600

FREDERICK BANTING INTERNATIONAL SCHOOL

WWW.FBI.SCHOOL | INFO@FBS.SCHOOL

HIGHLIGHTS
- MID-TERM AND FINAL EXAMS BEGINNING AT GRADE 1
- INTENSIVE CARE UNIT FOR STUDENTS WHO NEED EXTRA HELP
- PARENT - PRINCIPAL MEETING EACH MONTH
- HOCKEY; BASKETBALL; SOCCER; FITNESS; AEROBICS

Avro Transport Inc.

Owner Operator/Single Drives & Team Drivers ਦੀ ਲੋੜ ਹੈ

Toronto to Montreal, Midwest & USA

Brand New Truck's Available

For Owner Operator:- $1.55
*Plates + Insurance + Tolls will be paid by Company

For Drivers:- $0.58 + $0.02
*Safety Bonus
For Team Drivers:- $0.70



ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Ph: 416-896-1313

FIRST CHOICE FINANCIAL LIMITED
TRUCK LOANS

ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8

Avtar Singh Tiwana
Sales Rep.




Darcel/Brandon Gate

ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੌਰ।




Chinguacousy/Sandalwood

5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੂਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE
Photo Not Available
$3,249,000

Niagara Falls Ontario

ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।




Bramalea/Sandalwood

4 ਬੈਡਰੂਮ, 3 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, ਪਾਈ ਸ਼ੇਪ ਲੌਟ, ਪੋਟ ਲਾਈਟ, ਸੀਰਾਮਿਕ ਫਲੋਰ, ਰੂਫ ਸ਼ਿੰਗਲ 2015 ਵਿਚ ਬਦਲੇ ਹਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ

## ਸੁਖਬੀਰ ਤੇ ਵੱਡੇ ਬਾਦਲ ਖਿਲਾਫ ਸ਼ਿਕਾਇਤ ਉੱਤੇ ਸੁਣਵਾਈ ਇੱਕ ਨਵੰਬਰ ਤੱਕ ਅੱਗੇ ਪਈ



ਲੁਧਿਆਣਾ, 10 ਅਕਤੂਬਰ (ਪੋਸਟ ਬਿਊਰੋ)- ਜੁਡੀਸ਼ਲ ਮੈਜਿਸਟਰੇਟ ਸੁਮਿਤ ਸਭਰਵਾਲ ਦੀ ਅਦਾਲਤ ਵਿੱਚ ਸਮਾਜਕ ਜਾਗ੍ਰਿਤੀ ਫਰੰਟ ਵੱਲੋਂ ਦਾਇਰ ਕੀਤੀ ਗਈ ਸ਼ਿਕਾਇਤ 'ਤੇ ਸ਼ਿਕਾਇਤ ਕਰਤਾ ਨੇ ਗਵਾਹੀ ਦੇ ਦਿੱਤੀ ਹੈ।

ਵਰਨਣ ਯੋਗਹੈ ਕਿ ਜਾਗ੍ਰਿਤੀ ਫਰੰਟ ਦੇ ਚੇਅਰਮੈਨ ਜਗਦੀਪ ਸਿੰਘ ਗਿੱਲ ਨੇ ਸ਼ਿਕਾਇਤ ਕਰ ਕੇ ਕਿਹਾ ਹੈ ਕਿ ਸਾਲ 2006 ਤੋਂ ਲੈ ਕੇ 2016 ਤੱਕ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਬੇਟੇ ਸੁਖਬੀਰ ਸਿੰਘ ਬਾਦਲ ਦੇ ਕੋਲ ਜਨਰਲ ਪ੍ਰਸ਼ਾਸਨ ਅਤੇ ਗ੍ਰਹਿ ਮੰਤਰਾਲਾ ਸੀ। ਪੰਜਾਬ ਵਿੱਚ ਸੁਰੱਖਿਆ ਅਤੇ ਕਾਨੂੰਨੀ ਵਿਵਸਥਾ ਬਣਾਈ ਰੱਖਣ ਦੀ ਡਿਊਟੀ ਇਨ੍ਹਾਂ ਦੋਵਾਂ ਦੀ ਸੀ। 10 ਅਕਤੂਬਰ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਸਿੱਖਾਂ ਨੇ 14 ਅਕਤੂਬਰ 2015 ਨੂੰ ਬਰਗਾੜੀ ਵਿੱਚ ਰੋਸ ਮਾਰਚ ਕੱਢਿਆ ਤਾਂ ਪੁਲਸ ਵੱਲੋਂ ਨਿਹੱਥੇ ਲੋਕਾਂ 'ਤੇ ਲਾਠੀਚਾਰਜ ਅਤੇ ਗੋਲੀਬਾਰੀ ਕੀਤੀ ਗਈ, ਜਿਸ ਵਿੱਚ ਦੋ ਬੇਕਸੂਰ ਸਿੱਖਾਂ ਦੀ ਮੌਤ ਹੋ ਗਈ ਅਤੇ ਕਈ ਗੰਭੀਰ ਜ਼ਖਮੀ ਹੋ ਗਏ। ਸ਼ਿਕਾਇਤ ਕਰਤਾ ਨੇ ਕਿਹਾ ਕਿ ਜੇ ਬਾਦਲ ਚਾਹੁੰਦੇ ਤਾਂ ਇਹ ਘਟਨਾ ਰੋਕ ਸਕਦੇ ਸਨ, ਪਰ ਉਨ੍ਹਾਂ ਨੇ ਰਾਜਨੀਤਕ ਲੱਭ ਲੈਣ ਦੇ ਲਈ ਬੇਕਸੂਰ ਸਿੱਖਾਂ 'ਤੇ ਗੋਲੀਬਾਰੀ ਅਤੇ ਲਾਠੀਚਾਰਜ ਹੋਣ ਦਿੱਤਾ। ਉਨ੍ਹਾਂ ਨੇ ਦੋਸ਼ ਲਾਇਆ ਕਿ ਇਹ ਕੰਮ ਬਿਨਾਂ ਇਨ੍ਹਾਂ ਲੋਕਾਂ ਦੀ ਸਹਿਮਤੀ ਦੇ ਨਹੀਂ ਕੀਤਾ ਜਾ ਸਕਦਾ ਸੀ। ਸ਼ਿਕਾਇਤ ਕਰਤਾ ਨੇ ਆਈ ਪੀ ਸੀ ਦੀ ਧਾਰਾ 304, 307, 295 ਅਤੇ 34 ਹੇਠ ਅਦਾਲਤ ਵਿੱਚ ਸ਼ਿਕਾਇਤ ਕੀਤੀ ਸੀ। ਅਦਾਲਤ ਨੇ ਸ਼ਿਕਾਇਤ ਕਰਤਾ ਨੂੰ ਆਪਣਾ ਪੱਖ ਸਾਬਿਤ ਕਰਨ ਦੇ ਲਈ ਆਪਣੇ ਗਵਾਹਾਂ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ ਸੀ। ਜਿਸ 'ਤੇ ਉਸ ਨੇ ਕੱਲ੍ਹ ਗਵਾਹੀ ਦਰਜ ਕਰਵਾਈ। ਬਾਕੀ ਦੇ ਗਵਾਹਾਂ ਦੇ ਲਈ ਅਦਾਲਤ ਨੇ ਇੱਕ ਨਵੰਬਰ ਤੈਅ ਕੀਤੀ ਹੈ।

## ਕੁਲੈਕਸ਼ਨ ਕੰਪਨੀ ਦੇ ਦੋ ਵਰਕਰਾਂ ਨੂੰ ਗੋਲੀ ਮਾਰ ਕੇ 15 ਲੱਖ ਲੁੱਟੇ

ਲੁਧਿਆਣਾ, 10 ਅਕਤੂਬਰ (ਪੋਸਟ ਬਿਊਰੋ)- ਨਿਊ ਰਾਜਗੁਰੂ ਨਗਰ ਦੀ ਆਨਲਾਈਨ ਸ਼ਾਪਿੰਗ ਸਾਈਟ ਦੇ ਦਫਤਰ ਤੋਂ ਕੈਸ਼ ਕੁਲੈਕਟ ਕਰ ਕੇ ਮੁੜਦੇ ਕੁਲੈਕਸ਼ਨ ਕੰਪਨੀ ਦੇ ਦੋ ਵਰਕਰਾਂ ਉਤੇ ਦੋ ਮੋਟਰ ਸਾਈਕਲਾਂ 'ਤੇ ਆਏ ਚਾਰ ਬਦਮਾਸ਼ਾਂ ਨੇ ਹਮਲਾ ਕਰ ਦਿੱਤਾ। ਉਨ੍ਹਾਂ ਨੇ ਵਰਕਰਾਂ ਤੋਂ ਕੈਸ਼ ਬੈਗ ਖੋਹਣਾ ਚਾਹਿਆ ਤਾਂ ਵਰਕਰਾਂ ਨੇ ਵਿਰੋਧ ਕੀਤਾ ਅਤੇ ਹੱਥੋਪਾਈ ਹੋ ਗਈ, ਜਿਸ ਕਾਰਨ ਬਦਮਾਸ਼ਾਂ ਨੇ ਦੋਵਾਂ ਵਰਕਰਾਂ ਦੀਆਂ ਲੱਤਾਂ 'ਤੇ ਗੋਲੀ ਮਾਰ ਦਿੱਤੀ। ਦੋਵੇਂ ਜ਼ਖਮੀ ਹੋ ਕੇ ਡਿੱਗ ਪਏ ਤਾਂ ਬਦਮਾਸ਼ ਕੈਸ਼ ਬੈਗ ਲੈ ਕੇ ਫਰਾਰ ਹੋ ਗਏ। ਫਾਇਰਿੰਗ ਦੀ ਆਵਾਜ਼ ਸੁਣ ਕੇ ਆਸਪਾਸ ਦੇ ਲੋਕ ਇਕੱਠੇ ਹੋ ਗਏ। ਉਨ੍ਹਾਂ ਨੇ ਪੁਲਸ ਕੰਟਰੋਲ ਰੂਮ ਨੂੰ ਸੂਚਨਾ ਦਿੱਤੀ। ਪੁਲਸ ਕਮਿਸ਼ਨਰ ਸੁਖਚੈਨ ਸਿੰਘ ਗਿੱਲ ਅਤੇ ਡੀ ਸੀ ਪੀ ਅਸ਼ਵਨੀ ਕਪੂਰਸ ਮੇਤ ਕਈ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਜ਼ਖਮੀ ਵਰਕਰ ਕਰਣਬੀਰ ਸਿੰਘ ਅਤੇ ਮਨਪ੍ਰੀਤ ਸਿੰਘ ਨੂੰ ਡੀ ਐਮ ਸੀ ਹਸਪਤਾਲ ਪਹੁੰਚਾਇਆ ਗਿਆ ਹੈ। ਵਰਾਦਾਤ ਵਾਲੀ ਜਗ੍ਹਾ ਤੋਂ ਪੁਲਸ ਨੂੰ ਇੱਕ ਖਿਲੌਣਾ ਰਿਵਾਲਵਰ ਮਿਲੀ ਹੈ, ਜਿਸ ਨੂੰ ਪੁਲਸ ਨੇ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।



ਕਰਣਬੀਰ ਸਿੰਘ ਤੇ ਮਨਪ੍ਰੀਤ ਸਿੰਘ ਰੈਡੀਏਂਟ ਕੈਸ਼ ਮੈਨੇਜਮੈਂਟ ਸਰਵਿਸ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਕਰਦੇ ਹਨ, ਜੋ ਵੱਖ-ਵੱਖ ਫਰਮਾਂ ਤੋਂ ਕੈਸ਼ ਕੁਲੈਕਸ਼ਨ ਕਰਦੇ ਹਨ, ਜਿਸ ਦਾ ਦਫਤਰ ਅਰੋੜਾ ਪੈਲੇਸ ਦੇ ਚੇਤ ਨਗਰ ਵਿੱਚ ਹੈ। ਬੀਤੀ ਸ਼ਾਮ ਉਹ ਦੋਵੇਂ ਮੋਟਰ ਸਾਈਕਲ 'ਤੇ ਨਿਊ ਰਾਜਗੁਰੂ ਨਗਰ ਦੇ ਐਮਾਜਾਨ ਦੇ ਦਫਤਰ ਵਿੱਚ ਕੈਸ਼ ਲੈਣ ਗਏ ਸਨ। ਉਨ੍ਹਾਂ ਨੇ ਉਥੋਂ 10 ਲੱਖ ਅੱਸੀ ਹਜ਼ਾਰ ਰੁਪਏ ਕੈਸ਼ ਲਿਆ ਅਤੇ ਬੈਗ ਵਿੱਚ ਪਾ ਕੇ ਮੋਟਰ ਸਾਈਕਲ 'ਤੇ ਨਿਕਲ ਪਏ। ਥੋੜ੍ਹੀ ਦੂਰ ਦੋ ਮੋਟਰ ਸਾਈਕਲਾਂ 'ਤੇ ਚਾਰ ਨੌਜਵਾਨ ਰਸਤੇ ਵਿੱਚ ਖੜ੍ਹੇ ਸਨ, ਜਿਨ੍ਹਾਂ ਨੇ ਦੋਵਾਂ ਕੰਪਨੀ ਵਰਕਰਾਂ ਨੂੰ ਘੇਰ ਲਿਆ ਤੇ ਉਨ੍ਹਾਂ ਤੋਂ ਕੈਸ਼ ਬੈਗ ਖੋਹਣ ਦੀ ਕੋਸ਼ਿਸ਼ ਕੀਤੀ, ਪਰ ਦੋਵਾਂ ਵਰਕਰਾਂ ਨੇ ਬੈਗ ਨਹੀਂ ਛੱਡਿਆ ਤਾਂ ਉਨ੍ਹਾਂ ਦੀ ਬਦਮਾਸ਼ਾਂ ਨਾਲ ਹੱਥੋਪਾਈ ਹੋ ਗਈ, ਜਿਸ 'ਤੇ ਇੱਕ ਬਦਮਾਸ਼ ਨੇ ਰਿਵਾਲਵਰ ਕੱਢ ਕੇ ਇੱਕ-ਇੱਕ ਕਰ ਕੇ ਦੋਵਾਂ 'ਤੇ ਗੋਲੀ ਚਲਾ ਦਿੱਤੀ, ਜੋ ਗੋਲੀ ਦੋਵਾਂ ਦੀਆਂ ਲੱਤਾਂ 'ਤੇ ਲੱਗੀ। ਇਸ ਦੇ ਬਾਅਦ ਬਦਮਾਸ਼ ਕੈਸ਼ ਵਾਲਾ ਬੈਗ ਖੋਹ ਕੇ ਫਰਾਰ ਹੋ ਗਏ। ਜ਼ਖਮੀ ਕਰਣ ਅਤੇ ਮਨਪ੍ਰੀਤ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਐਮਾਜਾਨ ਤੋਂ 10 ਲੱਖ ਅੱਸੀ ਹਜ਼ਾਰ ਰੁਪਏ ਲਏ ਸਨ, ਇਸ ਦੇ ਇਲਾਵਾ ਉਨ੍ਹਾਂ ਦੇ ਕੋਲ ਬਾਕੀ ਕੰਪਨੀਆਂ ਦੇ ਕੁੱਲ ਮਿਲਾ ਕੇ 15 ਲੱਖ ਰੁਪਏ ਸਨ, ਜੋ ਕਿ ਬਦਮਾਸ਼ ਲੈ ਗਏ।

## ਬਰਗਾੜੀ ਵਿੱਚ ਮਾਰਚ ਕਰਨ ਵਾਲੀਆਂ ਧਿਰਾਂ ਵੱਲੋਂ ਤੀਸਰਾ ਬਦਲ ਬਣਾਉਣ ਲਈ ਵਿਚਾਰ ਸ਼ੁਰੂ

ਜਲੰਧਰ, 10 ਅਕਤੂਬਰ (ਪੋਸਟ ਬਿਊਰੋ)- ਸੱਤ ਅਕਤੂਬਰ ਨੂੰ ਕੋਟਕਪੂਰਾ ਤੋਂ ਬਰਗਾੜੀ ਤੱਕ ਕੀਤੇ ਇਨਸਾਫ ਮੋਰਚੇ ਨੂੰ ਮਿਲੇ ਵੱਡੇ ਹੁੰਗਾਰੇ ਤੋਂ ਉਤਸ਼ਾਹਤ ਹੋ ਕੇ ਇਸ ਵਿੱਚ ਸ਼ਾਮਲ ਪੰਥਕ ਜਥੇਬੰਦੀਆਂ, ਆਮ ਆਦਮੀ ਪਾਰਟੀ ਦੇ ਬਾਗੀ ਹੋਏ ਖਹਿਰਾ ਧੜੇ ਅਤੇ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਦੇ ਆਗੂਆਂ ਵੱਲੋਂ ਰਾਜ ਅੰਦਰ ਤੀਜਾ ਬਦਲ ਖੜਾ ਕਰਨ ਲਈ ਮੁੱਢਲਾ ਸੰਗਠਨ ਕਾਇਮ ਕਰਨ ਬਾਰੇ ਵਿਚਾਰਾਂ ਸ਼ੁਰੂ ਹੋ ਗਈਆਂ ਹਨ।

ਮਿਲੀ ਜਾਣਕਾਰੀ ਮੁਤਾਬਕ ਫੌਰੀ ਤੌਰ 'ਤੇ ਬਰਗਾੜੀ ਮੋਰਚੇ ਦੀਆਂ ਮੰਗਾਂ 'ਤੇ ਸੰਘਰਸ਼ ਅੱਗੇ ਵਧਾਉਣ ਲਈ ਇਹ ਸਾਰੇ ਸੰਗਠਨ ਇਕ ਤਾਲਮੇਲ ਕਮੇਟੀ ਬਣਾਉਣ ਦੀਆਂ ਸੰਭਾਵਨਾਵਾਂ ਪਰਖਣ ਦੇ ਯਤਨ ਕਰ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਨਸਾਫ ਮਾਰਚ ਪ੍ਰਤੀ ਲੋਕਾਂ ਦੇ ਹੁੰਗਾਰੇ ਨੇ ਲੋਕਾਂ ਵਿੱਚ ਤੀਜੇ ਬਦਲ ਦੀ ਤੀਬਰਤਾ ਦਿਖਾ ਦਿੱਤੀ ਹੈ। ਅਕਾਲੀ ਦਲ ਅੰਦਰਲਾ ਸੰਕਟ ਰੁਕਣ ਦੀ ਥਾਂ ਲਗਾਤਾਰ ਡੂੰਘੇ ਹੁੰਦੇ ਜਾਣ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਬੇਅਦਬੀ ਤੇ ਗੋਲੀ ਕਾਂਡ ਬਾਰੇ ਠੋਸ ਕਦਮ ਨਾ ਚੁੱਕੇ ਜਾਣ ਕਾਰਨ ਆਮ ਲੋਕਾਂ 'ਚ ਨਾਰਾਜ਼ਗੀ ਵਧ ਰਹੀ ਹੈ। ਆਮ ਆਦਮੀ ਪਾਰਟੀ ਦੇ ਬਾਗੀ ਧੜੇ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਉਹ ਤੀਜਾ ਬਦਲ ਉਸਾਰਨ ਲਈ ਸਭ ਹਮਖਿਆਲ ਧਿਰਾਂ ਨਾਲ ਰਲ ਕੇ ਚੱਲਣ ਦੀ ਆਸ ਰੱਖਦੇ ਹਨ ਤੇ ਇਸ ਪਾਸੇ ਯਤਨ ਕਰ ਰਹੇ ਹਨ। ਇਸ ਇਨਸਾਫ ਮਾਰਚ ਵਿੱਚ 'ਆਪ' ਆਗੂ ਭਗਵੰਤ ਮਾਨ ਦੇ ਪੁੱਜਣ ਤੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਤੇ ਮਾਨ ਵੱਲੋਂ ਖਹਿਰਾ ਧੜੇ ਨਾਲ ਜਲਦੀ ਗੱਲ ਨਿੱਬੜਨ ਦੇ ਦਾਅਵੇ ਤੋਂ ਇਨ੍ਹਾਂ ਧੜਿਆਂ ਬਾਰੇ ਇਹ ਲੱਗਦਾ ਹੈ ਕਿ ਤੀਸਰੇ ਬਦਲ ਦੀ ਕੁਝ ਗੱਲ ਹੀ ਨਹੀਂ। ਖਹਿਰਾ ਧੜੇ ਦੇ ਆਗੂਆਂ ਦਾ ਕਹਿਣਾ ਹੈ ਕਿ ਕੇਜਰੀਵਾਲ ਧੜੇ ਦਾ ਕੋਈ ਵੀ ਆਗੂ ਉਨ੍ਹਾਂ ਨਾਲ ਗੱਲ ਕਰਨ ਲਈ ਨਹੀਂ ਆਇਆ, ਸਿਰਫ ਅਮਨ ਅਰੋੜਾ ਨੇ ਗੱਲਬਾਤ ਕੀਤੀ ਸੀ, ਪਰ ਉਹ ਵੀ ਕਹਿੰਦੇ ਸਨ ਕਿ ਨਿੱਜੀ ਤੌਰ 'ਤੇ ਆਏ ਹਨ।

## ਕੁੜੀ ਨੇ ਗਲਾ ਘੁੱਟ ਕੇ ਛੋਟਾ ਭਰਾ ਮਾਰ ਛੱਡਿਆ

ਲੁਧਿਆਣਾ, 10 ਅਕਤੂਬਰ (ਪੋਸਟ ਬਿਊਰੋ)- ਜਗੀਰਪੁਰ ਰੋਡ ਦੀ ਅਮਰਜੀਤ ਕਾਲੋਨੀ ਵਿੱਚ 14 ਸਾਲਾ ਭੈਣ ਨੇ ਛੋਟੇ ਭਰਾ ਨੂੰ ਇਸ ਲਈ ਮਾਰ ਦਿੱਤਾ ਕਿ ਉਹ ਉਸ ਨੂੰ ਪਰੇਸ਼ਾਨ ਕਰਦਾ ਸੀ।

ਭੈਣ ਰੇਨੂੰ ਨੇ ਮਾਂ ਦੇ ਘਰੋਂ ਜਾਣ ਪਿੱਛੋਂ ਚਾਰ ਸਾਲਾ ਭਰਾ ਅੰਸ਼ ਦਾ ਕਮਰੇ ਵਿੱਚ ਗਲਾ ਘੁੱਟ ਕੇ ਕਤਲ ਕਰ ਦਿੱਤਾ। ਫਿਰ ਉਸ ਨੇ 13 ਘੰਟੇ ਲਾਸ਼ ਕਮਰੇ ਵਿੱਚ ਲੁਕੋ ਕੇ ਰੱਖੀ ਤੇ ਸਵੇਰੇ ਲਾਸ਼ ਨੂੰ ਪਲਾਸਟਿਕ ਦੇ ਬੈਗ ਵਿੱਚ ਪਾ ਕੇ ਘਰ ਦੇ ਬਾਹਰ ਰੱਖ ਦਿੱਤੀ। ਪੁਲਸ ਨੇ ਰੇਨੂੰ ਨੂੰ ਗ੍ਰਿਫਤਾਰ ਕਰ ਲਿਆ ਹੈ। ਰੇਨੂੰ ਦੇ ਮੁਤਾਬਕ ਅੰਸ਼ ਉਸ ਨੂੰ ਗਾਲਾਂ ਕੱਢਦਾ ਸੀ ਅਤੇ ਮਾਪਿਆਂ ਨੂੰ ਝੂਠੀਆਂ ਸ਼ਿਕਾਇਤਾਂ ਲਾਉਂਦਾ ਸੀ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਰੇਨੂੰ ਆਪਣੇ ਘਰ ਦੇ ਨੇੜੇ ਰਹਿੰਦੇ ਇਕ ਨੌਜਵਾਨ ਨੂੰ ਆਮ ਤੌਰ 'ਤੇ ਮਿਲਣ ਜਾਇਆ ਕਰਦੀ ਸੀ। ਅੰਸ਼ ਤਿੰਨ ਭੈਣਾਂ ਦਾ ਇਕੱਲਾ ਭਰਾ ਸੀ।

ਏ ਡੀ ਸੀ ਪੀ ਰਾਜਵੀਰ ਸਿੰਘ ਬੋਪਾਰਾਏ ਨੇ ਦੱਸਿਆ ਕਿ ਇਸ ਵਾਰਦਾਤ ਦੀ ਸ਼ੁਰੂ ਦੀ ਜਾਂਚ 'ਚ ਪੁਲਸ ਨੂੰ ਸ਼ੱਕ ਸੀ ਕਿ ਕਤਲ ਕਰਨ ਵਾਲਾ ਪਰਵਾਰ ਦਾ ਨਜ਼ਦੀਕੀ ਹੈ, ਜਿਸ ਪਿੱਛੋਂ ਪੁਲਸ ਨੇ ਪਰਵਾਰ ਦੇ ਹਰ ਮੈਂਬਰ ਅਤੇ ਗੁਆਂਢੀਆਂ ਤੋਂ ਡੂੰਘੀ ਪੁੱਛਗਿੱਛ ਸ਼ੁਰੂ ਕੀਤੀ। ਪੁਲਸ ਨੂੰ ਪਤਾ ਲੱਗਾ ਕਿ ਛੇ ਅਕਤੂਬਰ ਨੂੰ ਅੰਸ਼ ਦੀ ਮਾਂ ਕਿਸੇ ਰਿਸ਼ਤੇਦਾਰ ਨੂੰ ਦੇਖਣ ਲਈ ਹਸਪਤਾਲ ਜਾ ਰਹੀ ਸੀ ਅਤੇ ਅੰਸ਼ ਵੀ ਨਾਲ ਜਾਣ ਲਈ ਜ਼ਿੱਦ ਕਰ ਰਿਹਾ ਸੀ ਅਤੇ ਰੇਨੂੰ ਨੇ ਅੰਸ਼ ਨੂੰ ਚਾਕਲੇਟ ਦਾ ਲਾਲਚ ਦੇ ਕੇ ਘਰ ਰੱਖ ਲਿਆ ਸੀ। ਪੁਲਸ ਅਧਿਕਾਰੀਆਂ ਮੁਤਾਬਕ ਲਾਸ਼ ਦੇ ਪੋਸਟ ਮਾਰਟਮ ਰਿਪੋਰਟ ਅਤੇ ਮੌਕੇ ਤੋਂ ਮਿਲੇ ਸੁਰਾਗ ਮੁਤਾਬਕ ਕਤਲ ਕਰਨ ਤੋਂ ਪਹਿਲਾਂ ਅੰਸ਼ ਦਾ ਗਲਾ ਖੱਬੇ ਹੱਥ ਨਾਲ ਘੁੱਟਿਆ ਗਿਆ ਅਤੇ ਰੇਨੂੰ ਵੀ ਖੱਬੇ ਹੱਥ ਨਾਲ ਕੰਮ ਕਰਦੀ ਹੈ। ਇਸ ਸੁਰਾਗ ਦਾ ਪਿੱਛਾ ਕਰਦੇ ਹੋਏ ਜਦ ਰੇਨੂੰ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਜੁਰਮ ਮੰਨ ਲਿਆ। ਰੇਨੂੰ ਨੇ ਪੁਲਸ ਨੂੰ ਦੱਸਿਆ ਕਿ ਵਾਰਦਾਤ ਵਾਲੇ ਦਿਨ ਘਰ 'ਚ ਉਨ੍ਹਾਂ ਤੋਂ ਇਲਾਵਾ ਹੋਰ ਕੋਈ ਨਹੀਂ ਸੀ ਉਸ ਨੇ ਅੰਸ਼ ਦਾ ਗਲਾ ਘੁੱਟ ਕੇ ਉਸ ਦਾ ਕਤਲ ਕੀਤਾ ਅਤੇ ਲਿਫਾਫੇ 'ਚ ਲਾਸ਼ ਪਾ ਕੇ ਆਪਣੇ ਮੰਜੇ ਹੇਠਾਂ ਲੁਕਾ ਦਿੱਤੀ।

## ਗੋਲੀ ਮਾਰ ਕੇ ਜਿਊਲਰ ਦੀ ਹੱਤਿਆ, ਬੇਟਾ ਜ਼ਖਮੀ

ਨਾਭਾ (ਪਟਿਆਲਾ), 10 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਇੱਕ ਜਿਊਲਰ ਦੀ ਦਿਨ ਦਿਹਾੜੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਬੈਂਕ ਸਟਰੀਟ ਵਿੱਚ ਰਵੀ ਜਿਊਲਰਜ਼ ਦੇ ਮਾਲਕ ਰਵਿੰਦਰ ਕੁਮਾਰ ਵਰਮਾ ਉਰਫ ਰਵੀ (57) ਵਾਸੀ ਰਾਮ ਨਗਰ ਨੂੰ ਉਨ੍ਹਾਂ ਦੀ ਦੁਕਾਨ ਅੱਗੇ ਪ੍ਰੇਮ ਜਿਊਲਰਜ਼ ਦੇ ਮਾਲਕ ਪ੍ਰੇਮ ਕੁਮਾਰ ਦੇ ਬੇਟੇ ਉਮੇਸ਼ ਵਰਮਾ ਨੇ ਲਾਇਸੈਂਸੀ ਪਿਸਤੌਲ 'ਚੋਂ ਗੋਲੀ ਮਾਰੀ। ਸਿਵਲ ਹਸਪਤਾਲ ਵਿੱਚ ਇਲਾਜ ਦੌਰਾਨ ਰਵਿੰ-ਦਰ ਕੁਮਾਰ ਦੀ ਮੌਤ ਹੋ ਗਈ।

ਮ੍ਰਿਤਕ ਰਵਿੰਦਰ ਵਰਮਾ ਦੇ ਬੇਟੇ ਮੁਨੀਸ਼ ਵਰਮਾ ਨੇ ਥਾਣਾ ਕੋਤਵਾਲੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਦੋਸ਼ੀ ਉਮੇਸ਼ ਵਰਮਾ ਦੀ ਦੁਕਾਨ ਦੇ ਸਾਹਮਣੇ ਹੀ ਉਨ੍ਹਾਂ ਦੀ ਦੁਕਾਨ ਹੈ। ਕਰੀਬ ਡੇਢ ਸਾਲ ਪਹਿਲਾਂ ਉਨ੍ਹਾਂ ਨੇ ਉਮੇਸ਼ ਵਰਮਾ ਦੀ ਦੁਕਾਨ ਦੇ ਨਾਲ ਦੀ ਦੁਕਾਨ ਖਰੀਦੀ ਸੀ। ਕੁਝ ਦਿਨ ਪਹਿਲਾਂ ਉਨ੍ਹਾਂ ਨੇ ਦੁਕਾਨ ਦਾ ਲੈਂਟਰ ਪਾਇਆ ਸੀ। ਉਥੇ ਕਿਸੇ ਗੱਲ ਤੋਂ ਉਸ ਦੇ ਪਿਤਾ ਨਾਲ ਦੋਸ਼ੀਆਂ ਉਮੇਸ਼ ਵਰਮਾ, ਵਿਕਾਸ, ਭਾਨੂ ਅਤੇ ਪ੍ਰੇਮ ਚੰਦ ਦਾ ਝਗੜਾ ਹੋ ਗਿਆ। ਉਮੇਸ਼ ਨੇ ਤੈਸ਼ ਵਿੱਚ ਆ ਕੇ ਉਸ ਦੇ ਪਿਤਾ ਦੇ ਪੇਟ ਵਿੱਚ ਗੋਲੀ ਮਾਰ ਦਿੱਤੀ ਅਤੇ ਉਸ ਦੇ ਪੁੱਤਰਾਂ ਨੇ ਹਥੌੜੀ ਨਾਲ ਉਸ 'ਤੇ (ਮੁਨੀਸ਼ ਵਰਮਾ) 'ਤੇ ਵਾਰ ਕਰ ਕੇ ਉਸ ਨੂੰ ਜ਼ਖਮੀ ਕਰ ਦਿੱਤਾ। ਥਾਣਾ ਕੋਤਵਾਲੀ ਦੇ ਇੰਸਪੈਕਟਰ ਸੁਖਰਾਜ ਸਿੰਘ ਘੁੰਮਣ ਨੇ ਦੱਸਿਆ ਕਿ ਜ਼ਖਮੀ ਮੁਨੀਸ਼ ਵਰਮਾ ਦੇ ਬਿਆਨ ਦਰਜ ਕਰ ਕੇ ਦੋਸ਼ੀਆਂ ਉਮੇਸ਼ ਵਰਮਾ, ਉਸ ਦੇ ਪਿਤਾ ਪ੍ਰੇਮ ਚੰਦ, ਬੇਟੇ ਭਾਨੂ ਅਤੇ ਵਿਕਾਸ ਦੇ ਖਿਲਾਫ ਹੱਤਿਆ ਦਾ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

### ਸਰਕਾਰੀ ਹਦਾਇਤਾਂ ਜਾਰੀ:
## ਪਰਾਲੀ ਸਾੜਨੋਂ ਰੋਕਣ ਲਈ ਸਾਰੇ ਵਿਭਾਗ ਜਵਾਬਦੇਹ ਹੋਣਗੇ



ਚੰਡੀਗੜ੍ਹ, 10 ਅਕਤੂਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਪਰਾਲੀ ਸਾੜਨ ਦੇ ਵਿਰੁੱਧ ਮੁਹਿੰਮ ਵਿੱਚ ਸਰਕਾਰੀ ਮੁਲਾਜ਼ਮਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਬਣਾਉਂਦੇ ਹੋਏ ਸਾਰੇ ਵਿਭਾਗਾਂ/ ਬੋਰਡਾਂ/ ਕਾਰਪੋਰੇਸ਼ਨਾਂ ਤੇ ਕੋਆਪਰੇਟਿਵ ਸਭਾਵਾਂ ਦੇ ਸਾਰੇ ਸਟਾਫ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ, ਜਿਨ੍ਹਾਂ ਮੁਤਾਬਕ ਸਰਕਾਰੀ ਮੁਲਾਜ਼ਮਾਂ ਦੇ ਆਪਣੇ ਖੇਤਾਂ ਦੇ ਨਾਲ ਉਨ੍ਹਾਂ ਵੱਲੋਂ ਵਾਹੇ ਜਾਂਦੇ ਖੇਤਾਂ ਵਿੱਚ ਵੀ ਪਰਾਲੀ ਸਾੜਨ ਦੀ ਘਟਨਾ ਵਾਪਰਨ 'ਤੇ ਜਵਾਬਦੇਹੀ ਤੈਅ ਹੋਵੇਗੀ।

ਝੋਨੇ ਦੀ ਪਰਾਲੀ ਸਾੜਨ ਦੇ ਵਿਰੁੱਧ ਮੁਹਿੰਮ ਦੇ ਸੂਬਾਈ ਨੋਡਲ ਅਫਸਰ ਕੇ ਐੱਸ ਪੰਨੂ ਨੇ ਦੱਸਿਆ ਕਿ ਸਰਕਾਰ ਨੇ ਸਾਰੇ ਵਿਭਾਗਾਂ ਨੂੰ ਹਦਾਇਤਾਂ ਜਾਰੀ ਕਰ ਕੇ ਇਹ ਵੀ ਯਕੀਨੀ ਕਰਨ ਨੂੰ ਕਿਹਾ ਹੈ ਕਿ ਸਾਰੇ ਮੁਲਾਜ਼ਮ ਪਰਾਲੀ ਨੂੰ ਅੱਗ ਲਾਉਣ ਵਾਲੀਆਂ ਘਟਨਾਵਾਂ ਵਿੱਚ ਸ਼ਾਮਲ ਨਾ ਹੋਣ। ਮੁਲਾਜ਼ਮਾਂ ਨੂੰ ਪਰਾਲੀ ਸਾੜਨ ਨਾਲ ਵਾਤਾਵਰਣ ਅਤੇ ਮਨੁੱਖੀ ਸਿਹਤ 'ਤੇ ਪੈਂਦੇ ਮਾਰੂ ਅਸਰ ਬਾਰੇ ਕਿਸਾਨਾਂ ਨੂੰ ਵੱਧ ਜਾਗਰੂਕ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਸਪੱਸ਼ਟ ਕੀਤਾ ਹੈ ਕਿ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨ ਵਿੱਚ ਢਿੱਲ-ਮੱਠ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਪੂਰੇ ਪੰਜਾਬ ਦੇ ਵਿੱਚ ਇਨ੍ਹਾਂ ਕਰਮਚਾਰੀਆਂ ਨੂੰ ਫਸਲ ਦੀ ਰਹਿੰਦ-ਖੂੰਹਦ ਨੂੰ ਸਾੜਨ ਦੀ ਕਿਸੇ ਵੀ ਘਟਨਾ ਬਾਰੇ ਸੰਬੰਧਤ ਅਥਾਰਟੀਆਂ ਦੇ ਧਿਆਨ ਵਿੱਚ ਲਿਆਉਣ ਨੂੰ ਕਿਹਾ ਗਿਆ ਹੈ।

ਵਰਨਣ ਯੋਗ ਹੈ ਕਿ ਸੂਬਾ ਸਰਕਾਰ ਨੇ ਪਰਾਲੀ ਦੇ ਸੁਚੱਜੇ ਪ੍ਰਬੰਧ ਲਈ ਪ੍ਰੋਗਰਾਮ ਉਲੀਕਿਆ ਹੈ ਤਾਂ ਜੋ ਕਿਸਾਨ ਇਸ ਨੂੰ ਸਾੜੇ ਬਿਨਾਂ ਸੰਭਾਲ ਸਕਣ। ਕਿਸਾਨਾਂ ਨੂੰ ਇਸ ਮਕਸਦ ਲਈ ਸਬਸਿਡੀ ਵਾਲੀਆਂ 24315 ਖੇਤੀ ਮਸ਼ੀਨਾਂ/ ਸੰਦ ਸਪਲਾਈ ਕੀਤੇ ਜਾ ਰਹੇ ਹਨ ਅਤੇ ਇਹ ਸੰਦ ਕਿਸਾਨਾਂ ਤੋਂ ਇਲਾਵਾ ਕੋਆਪਰੇਟਿਵ ਸਭਾਵਾਂ ਅਤੇ ਕਸਟਮ ਹਾਇਰ ਸੈਂਟਰਾਂ ਨੂੰ ਵੀ ਦਿੱਤੇ ਜਾ ਰਹੇ ਹਨ ਤਾਂ ਜੋ ਪਰਾਲੀ ਬਿਲਕੁਲ ਨਾ ਸਾੜੇ ਜਾਣ ਦਾ ਟੀਚਾ ਪ੍ਰਾਪਤ ਕੀਤਾ ਜਾ ਸਕੇ।

## ਪਟਾਕੇ ਨਾਲ ਘਰ ਨੂੰ ਅੱਗ, ਦੋ ਬੱਚਿਆਂ ਸਮੇਤ ਮਾਂ ਦੀ ਮੌਤ

ਮਮਦੋਟ, 10 ਅਕਤੂਬਰ (ਪੋਸਟ ਬਿਊਰੋ)- ਬਲਾਕ ਮਮਦੋਟ ਦੇ ਪਿੰਡ ਹਜ਼ਾਰਾ ਸਿੰਘ ਵਾਲਾ ਵਿਖੇ ਬੱਚਿਆਂ ਵੱਲੋਂ ਚਲਾਏ ਪਟਾਕਿਆਂ ਨਾਲ ਇੱਕ ਘਰ ਦੇ ਕਮਰੇ ਨੂੰ ਅੱਗ ਲੱਗ ਗਈ ਜਿਸ ਨਾਲ ਦੋ ਮਾਸੂਮ ਬੱਚੇ ਤੇ ਬੱਚਿਆਂ ਦੀ ਮਾਂ ਗੁਰਮੇਜ ਕੌਰ ਦੀ ਮੌਤ ਹੋ ਜਾਣ ਦਾ ਸਮਾਚਾਰ ਮਿਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਥੋਂ ਕਰੀਬ ਪੰਜ ਕਿਲੋਮੀਟਰ ਦੂਰ ਪਿੰਡ ਹਜ਼ਾਰਾ ਸਿੰਘ ਵਾਲਾ ਦੇ ਜਸਵਿੰਦਰ ਸਿੰਘ ਪੁੱਤਰ ਮਲੂਕ ਸਿੰਘ ਦੇ ਬੱਚੇ ਆਪਣੀ ਮਾਂ ਨਾਲ ਘਰ ਵਿੱਚ ਇਕੱਲੇ ਸਨ। ਬੱਚਿਆਂ ਦੇ ਸਕੂਲ ਤੋਂ ਵਾਪਸ ਆਉਣ ਉਤੇ ਮਾਂ ਆਪਣੇ ਘਰ ਦਾ ਕੰਮ ਮੁਕਾ ਕੇ ਦੁਪਹਿਰ ਵੇਲੇ ਘਰ ਦੇ ਕਮਰੇ ਵਿੱਚ ਆਪਣੀ ਬੱਚੀ ਪਰਮਿੰ-ਦਰ ਕੌਰ (ਪੰਜ) ਨਾਲ ਸੁੱਤੀ ਹੋਈ ਸੀ ਕਿ ਅਚਾਨਕ ਛੋਟੇ ਬੇਟੇ ਗੁਰਪ੍ਰੀਤ ਸਿੰਘ (7) ਨੇ ਪਟਾਕਾ ਚਲਾ ਦਿੱਤਾ, ਜਿਸ ਨਾਲ ਕਮਰੇ 'ਚ ਪਏ ਸੋਫੇ ਨੂੰ ਅੱਗ ਲੱਗ ਗਈ ਤੇ ਬਾਅਦ ਵਿੱਚ ਜਿਸ ਬਿਸਤਰੇ ਵਿੱਚ ਮਾਂ ਤੇ ਬੱਚੀ ਸੁੱਤੇ ਸਨ, ਉਸ ਨੂੰ ਅੱਗ ਲੱਗ ਕੇ ਏਨੀ ਵਧ ਗਈ ਕਿ ਬੇਕਾਬੂ ਹੋ ਗਈ ਅਤੇ ਦੋਵੇਂ ਬੱਚਿਆਂ ਸਮੇਤ ਮਾਂ ਗੁਰਮੇਜ ਕੌਰ ਬੁਰੀ ਤਰ੍ਹਾਂ ਝੁਲਸ ਗਏ। ਉਨ੍ਹਾਂ ਪਿੰਡ ਵਾਲਿਆਂ ਦੀ ਮਦਦ ਨਾਲ ਅੱਗ ਦੀ ਲਪੇਟ ਵਿੱਚੋਂ ਬਾਹਰ ਕੱਢਿਆ ਗਿਆ ਤੇ ਪਹਿਲਾਂ ਮਮਦੋਟ ਦੇ ਸਿਵਲ ਹਸਪਤਾਲ ਦਾਖਲ ਕੀਤਾ ਗਿਆ ਉਸ ਤੋਂ ਬਾਅਦ ਫਿਰੋਜ਼ਪੁਰ ਸਿਵਲ ਹਸਪਤਾਲ ਫਿਰੋਜ਼ਪੁਰ ਤੇ ਫਿਰ ਗੰਭੀਰ ਹਾਲਤ ਦੇਖ ਕੇ ਫਰੀਦਕੋਟ ਮੈਡੀਕਲ ਕਾਲਜ ਵਿਖੇ ਰੈਫਰ ਕਰ ਦਿੱਤਾ ਗਿਆ ਜਿੱਥੇ ਤਿੰਨਾਂ ਦੀ ਕੱਲ੍ਹ ਸ਼ਾਮ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਮੌਤ ਹੋ ਗਈ।

ਮੰਨ ਪਸੰਦ ਦੀ Kitchen and Washroom ਬਣਵਾਓ

Pearson
Kitchen & Cabinet

Free Estimate
We Specialize in granite, quartz & marble countertops




We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

Condo Townhouse for sale.




ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਉਨ ਹਾਉਸ

A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities



KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com

Century 21 President Realty Inc. Brokerage*

Looking For a Nest..? Call the Best

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com



# ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਕੌਮਾਂਤਰੀ ਪੱਧਰ 'ਤੇ ਮਨਾਇਆ ਜਾਵੇਗਾ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਸਿੱਖ ਪੰਥ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਦਾ 550ਵਾਂ ਪ੍ਰਕਾਸ਼ ਦਿਵਸ ਭਾਰਤ ਸਰਕਾਰ ਅਗਲੇ ਸਾਲ ਸੰਸਾਰ ਪੱਧਰ ਉਤੇ ਮਨਾਵੇਗੀ। ਕੱਲ੍ਹ ਇਹ ਫੈਸਲਾ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਹੇਠ ਉਚ ਪੱਧਰੀ ਕੌਮੀ ਅਮਲ ਕਮੇਟੀ (ਐਨ ਆਈ ਸੀ) ਨੇ ਕੀਤਾ ਹੈ। ਇਸ ਵਿਸ਼ੇਸ਼ ਮੀਟਿੰਗ ਮਗਰੋਂ ਇਸ ਫੈਸਲੇ ਬਾਰੇ ਸੱਭਿਆਚਾਰਕ ਮਾਮਲਿਆਂ ਦੇ ਕੇਂਦਰੀ ਮੰਤਰੀ ਮਹੇਸ਼ ਸ਼ਰਮਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਦੇਸ਼ ਵਿੱਚ ਵਿਸ਼ੇਸ਼ ਸਮਾਗਮ ਕੀਤੇ ਜਾਣਗੇ ਤੇ ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਸੰਸਾਰ ਦੇ ਵੱਖ-ਵੱਖ ਖਿੱਤਿਆਂ ਵਿੱਚ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਕੰਮ ਲਈ ਲੋੜੀਂਦੇ ਫੰਡ ਕੇਂਦਰ ਸਰਕਾਰ ਵੱਲੋਂ ਦਿੱਤੇ ਜਾਣਗੇ। ਕੇਂਦਰ ਸਰਕਾਰ ਪਹਿਲਾਂ ਹੀ ਇਹ ਫੈਸਲਾ ਕਰ ਚੁੱਕੀ ਹੈ ਕਿ ਪਹਿਲੀ ਪਾਤਸ਼ਾਹੀ ਦਾ 550ਵਾਂ ਪ੍ਰਕਾਸ਼ ਦਿਹਾੜਾ 'ਵਿਸ਼ਵ ਭਾਈਚਾਰਾ ਦਿਵਾਸ' ਵਜੋਂ ਮਨਾਇਆ ਜਾਵੇਗਾ। ਇਸ ਵਿੱਚ ਭਾਰਤੀ ਸੱਭਿਆਚਾਰਕ ਸਬੰਧ ਕੌਂਸਲ (ਆਈ ਸੀ ਸੀ ਆਰ) ਵੱਲੋਂ ਵਿਦੇਸ਼ ਵਿਚਲੇ ਭਾਰਤੀ ਦੂਤਘਰਾਂ ਦੀ ਮਦਦ ਨਾਲ ਸਮਾਗਮ ਕੀਤੇ ਜਾਣਗੇ।

# ਜੀ ਐਸ ਟੀ ਮੁੱਦੇ ਤੋਂ ਕੇਂਦਰ ਤੇ ਰਾਜਾਂ ਵਿਚਲੇ ਅਧਿਕਾਰੀ ਆਹਮੋ ਸਾਹਮਣੇ



ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਜੀ ਐਸ ਟੀ ਵਿੱਚ ਰਜਿਸਟਰਡ ਵਪਾਰੀਆਂ ਖਿਲਾਫ ਖੁਫੀਆ ਸੂਚਨਾ ਦੇ ਆਧਾਰ 'ਤੇ ਕਾਰਵਾਈ ਬਾਰੇ ਕੇਂਦਰ ਤੇ ਰਾਜਾਂ ਦੇ ਜੀ ਐਸ ਟੀ ਅਧਿਕਾਰੀ ਆਹਮੋ ਸਾਹਮਣੇ ਆ ਗਏ ਹਨ। ਹਾਲ ਇਹ ਹੈ ਕਿ ਮਾਮਲਾ ਸੈਂਟਰਲ ਬੋਰਡ ਆਫ ਇਨਡਾਇਰੈਕਟ ਟੈਕਸਿਜ਼ (ਸੀ ਬੀ ਆਈ ਸੀ) ਕੋਲ ਪੁੱਜ ਗਿਆ ਹੈ। ਇਸ ਮਗਰੋਂ ਸੀ ਬੀ ਆਈ ਸੀ ਦੇ ਅਧਿਕਾਰੀਆਂ ਨੂੰ ਸਾਫ-ਸਾਫ ਦੱਸ ਦਿੱਤਾ ਹੈ ਕਿ ਉਹ ਟੈਕਸ ਚੋਰੀ ਰੋਕਣ ਲਈ ਅਧਿਕਾਰ ਖੇਤਰ ਭੁੱਲ ਕੇ ਖੁਫੀਆ ਸੂਚਨਾ ਮਿਲਣ ਦੇ ਆਧਾਰ ਉੱਤੇ ਕਾਰਵਾਈ ਕਰਨ।

ਜਾਣਕਾਰ ਸੂਤਰਾਂ ਮੁਤਾਬਕ ਸੀ ਬੀ ਆਈ ਸੀ ਦੇ ਮੈਂਬਰ (ਜੀ ਐਸ ਟੀ) ਮਹਿੰਦਰ ਸਿੰਘ ਨੇ ਵੱਡੇ ਅਧਿਕਾਰੀਆਂ ਨੂੰ ਇਸ ਬਾਰੇ ਪੱਤਰ ਲਿਖ ਕੇ ਸਥਿਤੀ ਸਪੱਸ਼ਟ ਕੀਤੀ ਹੈ। ਮਹਿੰਦਰ ਸਿੰਘ ਨੇ ਆਪਣੇ ਪੱਤਰ 'ਚ ਕਿਹਾ ਹੈ ਕਿ ਕੇਂਦਰ ਤੇ ਸੂਬਾ ਦੋਵਾਂ ਦੇ ਟੈਕਸ ਅਧਿਕਾਰੀ ਖੁਫੀਆ ਸੂਚਨਾ ਦੇ ਆਧਾਰ 'ਤੇ ਕਿਸੇ ਐਸ ਸੀ ਦੇ ਖਿਲਾਫ ਕਾਰਵਾਈ ਸ਼ੁਰੂ ਕਰ ਸਕਦੇ ਹਨ, ਭਾਵੇਂ ਉਹ ਕੇਂਦਰ ਦੇ ਅਧੀਨ ਹੋਵੇ ਜਾਂ ਸੂਬੇ ਦੇ। ਕੇਂਦਰ ਜਾਂ ਸੂਬੇ ਦੇ ਜੋ ਵੀ ਟੈਕਸ ਅਧਿਕਾਰੀ ਕਿਸੇ ਕੇਸ ਦੀ ਜਾਂਚ ਸ਼ੁਰੂ ਕਰਨਗੇ, ਉਨ੍ਹਾਂ ਨੂੰ ਇਸ ਮਾਮਲੇ ਨੂੰ ਪੂਰਾ ਕਰਨ ਤੇ ਕਾਰਨ ਦੱਸੋ ਨੋਟਿਸ ਜਾਰੀ ਕਰਨ, ਰਿਕਵਰੀ ਕਰਨ ਤੇ ਅਪੀਲ ਦਾਖਲ ਕਰਨ ਦਾ ਹੱਕ ਹੋਵੇਗਾ। ਵਰਨਣ ਯੋਗ ਹੈ ਕਿ 16 ਜਨਵਰੀ 2017 ਨੂੰ ਹੋਈ ਜੀ ਐਸ ਟੀ ਕੌਂਸਲ ਦੀ ਬੈਠਕ 'ਚ ਜੀ ਐਸ ਟੀ ਕਾਨੂੰਨ ਹੇਠ ਰਜਿਸਟਰਡ ਯੂਨਿਟਾਂ ਦੀ ਵੰਡ ਕੇਂਦਰ ਤੇ ਰਾਜਾਂ ਵਿਚਾਲੇ ਕਰਨ ਦੇ ਫਾਰਮੂਲੇ ਨੂੰ ਮਨਜ਼ੂਰੀ ਦਿੱਤੀ ਸੀ। ਇਸ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਜੇ ਕੇਂਦਰ ਤੇ ਸੂਬਾ ਟੈਕਸ ਅਧਿਕਾਰੀਆਂ ਨੂੰ ਖੁਫੀਆ ਸੂਚਨਾ ਮਿਲਣ 'ਤੇ ਕਿਸੇ ਬਿਜਨਸ ਦੇ ਪੂਰੇ ਵੈਲਿਊ ਚੇਨ 'ਚ ਕਿਤੇ ਵੀ ਟੈਕਸ ਚੋਰੀ ਦਾ ਮਾਮਲਾ ਮਿਲਦਾ ਹੈ ਤਾਂ ਦੋਵਾਂ ਨੂੰ ਹੀ ਕਾਰਵਾਈ ਕਰਨ ਦਾ ਹੱਕ ਹੋਵੇਗਾ। ਸੂਤਰਾਂ ਮੁਤਾਬਕ ਇਸ ਦਾ ਮਤਲਬ ਇਹ ਹੈ ਕਿ ਜੇ ਕੇਂਦਰ ਸਰਕਾਰ ਦਾ ਕੋਈ ਅਧਿਕਾਰੀ ਖੁਫੀਆ ਸੂਚਨਾ ਮਿਲਣ 'ਤੇ ਕਿਸੇ ਅਜਿਹੇ ਦੇ ਖਿਲਾਫ ਕਾਰਵਾਈ ਕਰਦਾ ਹੈ, ਜਿਸ 'ਤੇ ਸੂਬਿਆਂ ਦਾ ਪ੍ਰਸ਼ਾਸਨਿਕ ਕੰਟਰੋਲ ਹੈ ਤਾਂ ਕੇਂਦਰੀ ਅਧਿਕਾਰੀ ਨੂੰ ਇਹ ਮਾਮਲਾ ਸੂਬਾ ਸਰਕਾਰ ਨੂੰ ਟਰਾਂਸਫਰ ਕਰਨ ਦੀ ਜ਼ਰੂਰਤ ਨਹੀਂ ਪਵੇਗੀ। ਉਹ ਖੁਦ ਹੀ ਉਸ ਮਾਮਲੇ ਨੂੰ ਸਿਰੇ ਤੱਕ ਪਹੁੰਚਾਉਣਗੇ। ਇਹੀ ਗੱਲ ਉਨ੍ਹਾਂ ਮਾਮਲਿਆਂ 'ਚ ਲਾਗੂ ਹੋਵੇਗੀ, ਜਿਥੇ ਐਸ ਸੀ ਕੇਂਦਰ ਸਰਕਾਰ ਅਧੀਨ ਹੈ, ਪਰ ਉਸ ਖਿਲਾਫ ਕਾਰਵਾਈ ਕਿਸੇ ਸੂਬਾ ਸਰਕਾਰ ਨੇ ਕੀਤੀ ਹੈ।

## ਨਾ-ਬਰਾਬਰੀ ਦੂਰ ਕਰਨ ਵਿੱਚ ਭਾਰਤ ਦਾ ਕੰਮ ਖਰਾਬ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਨਾ-ਬਰਾਬਰੀ ਨੂੰ ਦੂਰ ਕਰਨ ਦੇ ਮਾਮਲੇ ਵਿੱਚ ਦੁਨੀਆ ਦੇ ਹੋਰ ਦੇਸ਼ਾਂ ਦੇ ਮੁਕਾਬਲੇ ਭਾਰਤ ਦਾ ਪ੍ਰਦਰਸ਼ਨ ਕਾਫੀ ਖਰਾਬ ਹੈ। ਕੱਲ੍ਹ ਜਾਰੀ ਹੋਈ ਇੱਕ ਰਿਪੋਰਟ ਅਨੁਸਾਰ ਨਾਬਰਾਬਰੀ ਨੂੰ ਦੂਰ ਕਰਨ ਦੀ ਵਚਨਬੱਧਤਾ ਦੇ ਮਾਮਲੇ ਵਿੱਚ ਭਾਰਤ ਕਾਫੀ ਪਿੱਛੇ ਹੈ। ਇਸ ਮਾਮਲੇ ਵਿੱਚ 157 ਦੇਸ਼ਾਂ ਦੀ ਸੂਚੀ 'ਚ ਭਾਰਤ 147ਵੇਂ ਸਥਾਨ 'ਤੇ ਹੈ। ਡੈਨਮਾਰਕ ਇਸ ਸੂਚੀ ਵਿੱਚ ਸਿਖਰ ਉੱਤੇ ਹੈ।

ਮਿਲੀ ਜਾਣਕਾਰੀ ਅਨੁਸਾਰ ਨਾਬਰਾਬਰੀ ਘੱਟ ਕਰਨ ਦੀ ਵਚਨਬੱਧਤਾ ਬਾਰੇ ਆਕਸਫੈਮ ਅਤੇ ਡਿਵੈਲਪਮੈਂਟ ਫਾਈਨਾਂਸ ਇੰਟਰਨੈਸ਼ਨਲ ਵੱਲੋਂ ਤਿਆਰ ਕੀਤੇ ਸੂਚਕ ਅੰਕ ਵਿੱਚ ਕਿਹਾ ਗਿਆ ਹੈ ਕਿ ਨਾਈਜੀਰੀਆ, ਸਿੰਗਾਪੁਰ, ਭਾਰਤ ਅਤੇ ਅਰਜਨਟੀਨਾ ਵਰਗੇ ਦੇਸ਼ਾਂ ਦਾ ਪ੍ਰਦਰਸ਼ਨ ਇਸ ਬਾਰੇ ਕਾਫੀ ਖਰਾਬ ਹੈ। ਇਸ ਸੂਚਕ ਅੰਕ ਵਿੱਚ 157 ਦੇਸ਼ਾਂ ਨੂੰ ਸਮਾਜਕ ਖਰਚ, ਟੈਕਸ ਅਤੇ ਕਿਰਤ ਅਧਿਕਾਰ ਸੰਬੰਧੀ ਉਨ੍ਹਾਂ ਦੀਆਂ ਨੀਤੀਆਂ ਦੇ ਆਧਾਰ 'ਤੇ ਰੈਂਕਿੰਗ ਦਿੱਤੀ ਗਈ ਹੈ।

## ਇੰਟਰਨੈਟ ਦੀ ਆਦਤ ਦੇ ਸ਼ਿਕਾਰ ਮਰੀਜ਼ਾਂ ਦੀ ਗਿਣਤੀ ਦੋ ਸਾਲਾਂ ਵਿੱਚ ਡਬਲ ਹੋ ਗਈ



ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਸ) ਦੇ 'ਬਿਹੇਵੀਅਰਲ ਐਡੀਕਸ਼ਨ ਕਲੀਨਿਕ' ਵਿੱਚ ਇੰਟਰਨੈਟ ਦੀ ਆਦਤ ਦੀ ਸ਼ਿਕਾਇਤ ਕਾਰਨ ਪਹੁੰਚ ਰਹੇ ਲੋਕਾਂ ਦੀ ਗਿਣਤੀ ਬੀਤੇ ਦੋ ਸਾਲਾਂ ਵਿੱਚ ਦੋਗੁਣੀ ਹੋ ਗਈ ਹੈ। ਇਹ ਕਲੀਨਿਕ ਦੋ ਸਾਲ ਪਹਿਲਾਂ ਹੀ ਸ਼ੁਰੂ ਕੀਤਾ ਗਿਆ ਸੀ।

ਏਮਸ ਦੇ ਮਾਹਰਾਂ ਨੇ ਕੱਲ੍ਹ ਦੱਸਿਆ ਕਿ ਇੰਟਰਨੈਟ ਦੀ ਆਦਤ ਦੀ ਵਜ੍ਹਾ ਨਾਲ ਨੌਜਵਾਨਾਂ ਵਿੱਚ ਵਿਹਾਰ ਦੀਆਂ ਗੰਭੀਰ ਪਰੇਸ਼ਾਨੀਆਂ ਵਿਕਸਤ ਹੋ ਰਹੀਆਂ ਹਨ। ਇਨ੍ਹਾਂ ਨੌਜਵਾਨਾਂ ਵਿੱਚ ਜ਼ਿਆਦਾਤਰ ਸਕੂਲ ਤੇ ਕਾਲਜ ਦੇ ਵਿਦਿਆਰਥੀ ਹਨ। ਇੰਟਰਨੈਟ ਦੀ ਆਦਤ ਦਾ ਮਤਲਬ ਇਸ ਦਾ ਬਿਨਾਂ ਕੰਟਰੋਲ ਇਸਤੇਮਾਲ ਹੈ। ਲੋਕ ਅਕਸਰ ਇੰਟਰਨੈਟ 'ਤੇ ਗੇਮਸ ਖੇਡਦੇ ਜਾਂ ਅਸ਼ਲੀਲ ਫਿਲਮਾਂ ਦੇਖਦੇ ਹਨ। ਉਹ ਇਸ ਦੇ ਇੰਨੇ ਆਦੀ ਹੋ ਜਾਂਦੇ ਹਨ ਕਿ ਆਪਣੇ ਨਿੱਤ ਦੇ ਕੰਮ ਵੱਲ ਵੀ ਧਿਆਨ ਨਹੀਂ ਕਰ ਸਕਦੇ। ਏਮਸ ਦੀ ਕਲੀਨਿਕਲ ਮਨੋਵਿਗਿਆਨੀ ਰਚਨਾ ਭਾਰਗਵ ਨੇ ਕਿਹਾ ਕਿ ਇੰਟਰਨੈਟ ਦੀ ਵਰਤੋਂ ਨਾਲ ਕਈ ਪਰੇਸ਼ਾਨੀਆਂ ਓਦੋਂ ਹੁੰਦੀਆਂ ਹਨ ਜਦ ਮਾਤਾ ਪਿਤਾ ਆਪਣੇ ਬੱਚਿਆਂ ਦਾ ਧਿਆਨ ਨਹੀਂ ਕਰਦੇ ਤੇ ਅਨੁਸ਼ਾਸਨ ਤੋਂ ਉਲਟ ਬੁਰੀ ਸੰਗਤ ਹੁੰਦੀ ਹੈ। ਮਾਤਾ ਪਿਤਾ ਨੂੰ ਆਪਣੇ ਬੱਚਿਆਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਨੀ ਚਾਹੀਦੀ ਅਤੇ ਉਨ੍ਹਾਂ ਦੇ ਰੋਜ਼ ਦੇ ਪ੍ਰੋਗਰਾਮ ਵਿੱਚ ਰੁਚੀ ਵਾਲੀਆਂ ਗਤੀਵਿਧੀਆਂ ਨੂੰ ਸ਼ਾਮਲ ਕਰਨਾ ਚਾਹੀਦਾ।

## ਕਾਂਗਰਸ ਸ਼ਤਰੂਘਨ ਸਿਨਹਾ ਨੂੰ ਪਾਟਲੀਪੁੱਤਰ ਤੋਂ ਚੋਣ ਲੜਨ ਲਈ ਟਿਕਟ ਦੇਵੇਗੀ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਲੋਕ ਸਭਾ ਦੀਆਂ ਆਮ ਚੋਣਾਂ ਤੋਂ ਪਹਿਲਾਂ ਕਾਂਗਰਸ ਆਪਣਾ ਆਧਾਰ ਮਜ਼ਬੂਤ ਕਰਨ ਲਈ ਜੁਟ ਗਈ ਸੁਣੀ ਜਾਂਦੀ ਹੈ। ਜਾਣਕਾਰ ਸੂਤਰਾਂ ਮੁਤਾਬਕ ਕਾਂਗਰਸ ਯੂ ਪੀ ਏ ਵਿੱਚ ਸੀਟਾਂ ਦੀ ਵੰਡ ਵਿੱਚ ਆਪਣੀ ਭਾਈਵਾਲੀ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਪਤਾ ਲੱਗਾ ਹੈ ਕਿ ਕਾਂਗਰਸ ਬਿਹਾਰ ਅਤੇ ਹੋਰਨਾਂ ਥਾਵਾਂ 'ਤੇ ਭਾਜਪਾ ਦੇ ਬਾਗੀਆਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਨ ਦੇ ਯਤਨਾਂ ਵਿੱਚ ਹੈ। ਦੋ ਦਿਨ ਪਹਿਲਾਂ ਪਾਰਲੀਮੈਂਟ ਮੈਂਬਰ ਪੱਪੂ ਯਾਦਵ ਦੇ ਨਾਲ ਬਿਹਾਰ ਕਾਂਗਰਸ ਦੇ ਇੰਚਾਰਜ ਸ਼ਕਤੀ ਸਿੰਘ ਨੇ ਮੁਲਾਕਾਤ ਕੀਤੀ ਸੀ। ਦੱਸਿਆ ਗਿਆ ਹੈ ਕਿ ਪੱਪੂ ਨੇ ਕਾਂਗਰਸ ਵਿੱਚ ਸ਼ਾਮਲ ਹੋਣ ਲਈ ਹਾਂ ਕਰ ਦਿੱਤੀ ਹੈ। ਪੱਪੂ ਦੀ ਪਤਨੀ ਰਣਜੀਤਾ ਸਾਲ 2014 ਵਿੱਚ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਕੇ ਲੋਕ ਸਭਾ ਮੈਂਬਰ ਬਣੀ ਹੋਈ ਹੈ। ਇਸ ਲਈ ਪੱਪੂ ਦਾ ਕਾਂਗਰਸ ਵੱਲ ਰੁਖ ਨਰਮ ਹੈ। ਇਸ ਦੇ ਨਾਲ ਕਾਂਗਰਸ ਭਾਜਪਾ ਦੇ ਬਾਗੀ ਨੇਤਵਾਂ ਨੂੰ ਵੀ ਆਪਣੇ ਪਾਲੇ ਵਿੱਚ ਲਿਆਉਣ ਦੇ ਯਤਨ ਕਰ ਰਹੀ ਹੈ। ਭਾਜਪਾ ਵਿੱਚੋਂ ਕੱਢੇ ਪਾਰਲੀਮੈਂਟ ਮੈਂਬਰ ਕੀਰਤੀ ਆਜ਼ਾਦ ਨੂੰ ਕਾਂਗਰਸ ਦਰਭੰਗਾ ਤੋਂ ਟਿਕਟ ਦੇ ਸਕਦੀ ਹੈ। ਇਸ ਦੇ ਨਾਲ ਹੀ ਸ਼ਤਰੂਘਨ ਸਿਨਹਾ ਨੂੰ ਵੀ ਕਾਂਗਰਸ ਪਾਰਟੀ ਪਾਟਲੀਪੁੱਤਰ ਸੀਟ ਤੋਂ ਖੜ੍ਹਾ ਕਰ ਸਕਦੀ ਹੈ। ਉਨ੍ਹਾਂ ਨੂੰ ਭਾਜਪਾ ਵੱਲੋਂ ਟਿਕਟ ਮਿਲਣ ਦੀ ਸੰਭਾਵਨਾ ਨਹੀਂ ਹੈ।

## ਆਮਰਪਾਲੀ ਕੰਪਨੀ ਦੇ ਸੀ ਐੱਮ ਡੀ ਸਮੇਤ ਤਿੰਨ ਡਾਇਰੈਕਟਰਜ਼ ਪੁਲਸ ਹਿਰਾਸਤ ਵਿੱਚ ਭੇਜੇ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਆਮਰਪਾਲੀ ਗਰੁੱਪ ਦੇ ਖਿਲਾਫ ਬਾਕਾਇਦਾ ਸੁਣਵਾਈ ਕਰ ਰਹੀ ਸੁਪਰੀਮ ਕੋਰਟ ਨੇ ਕੱਲ੍ਹ ਇਸ ਗਰੁੱਪ ਸੀ ਐੱਮ ਡੀ ਸਮੇਤ ਤਿੰਨ ਡਾਇਰੈਕਟਰਾਂ ਨੂੰ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਅਦਾਲਤ ਨੇ ਇਸ ਗਰੁੱਪ ਦੇ ਸੀ ਐੱਮ ਡੀ ਅਨਿਲ ਸ਼ਰਮਾ, ਡਾਇਰੈਕਟਰਾਂ ਸ਼ਿਵਪ੍ਰਿਯਾ ਅਤੇ ਅਜੈ ਕੁਮਾਰ ਨੂੰ ਹਿਰਾਸਤ ਵਿੱਚ ਭੇਜਿਆ ਹੈ। ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਨੇ ਗਰੁੱਪ ਨੂੰ ਚਿਤਾਵਨੀ ਦਿੰਦੇ ਹੋਏ ਸਖਤ ਲਹਿਜ਼ੇ ਵਿੱਚ ਕਿਹਾ ਕਿ ਸੁਪਰੀਮ ਕੋਰਟ ਨਾਲ ਲੁਕਣਮੀਟੀ ਵਾਲੀ ਖੇਡ ਨਾ ਖੇਡੀ ਜਾਏ। ਅਦਾਲਤ ਨੇ ਗਰੁੱਪ ਦੀਆਂ 46 ਕੰਪਨੀਆਂ ਦੇ ਸਭ ਦਸਤਾਵੇਜ਼ ਫੋਰੈਂਸਿਕ ਆਡੀਟਰ ਨੂੰ ਸੌਂਪਣ ਦਾ ਵੀ ਹੁਕਮ ਦਿੱਤਾ।

ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਯੂ ਯੂ ਲਲਿਤ ਉੱਤੇ ਆਧਾਰਤ ਬੈਂਚ ਨੇ ਆਮਰਪਾਲੀ ਗਰੁੱਪ ਵੱਲੋਂ ਸਭ ਦਸਤਾਵੇਜ਼ ਆਡੀਟਰ ਨੂੰ ਨਾ ਸੌਂਪੇ ਜਾਣ ਉੱਤੇ ਤਿੱਖੀ ਨਾਰਾਜ਼ਗੀ ਪ੍ਰਗਟਾਈ ਅਤੇ ਕਿਹਾ ਕਿ ਇਹ ਦਸਤਾਵੇਜ਼ ਸੌਂਪੇ ਜਾਣ ਤੱਕ ਉਹ ਪੁਲਸ ਹਿਰਾਸਤ ਵਿੱਚ ਰਹਿਣਗੇ। ਸੁਪਰੀਮ ਕੋਰਟ ਨੇ ਆਮਰਪਾਲੀ ਗਰੁੱਪ ਦੇ ਮਕਾਨ ਖਰੀਦਣ ਵਾਲੇ ਗਾਹਕਾਂ ਦੀ ਪਟੀਸ਼ਨ 'ਤੇ ਇਹ ਹੁਕਮ ਦਿੱਤਾ। ਗਰੁੱਪ ਵਿੱਚ ਮਕਾਨ ਬੁੱਕ ਕਰਵਾਉਣ ਵਾਲੇ ਖਰੀਦਦਾਰ 42 ਹਜ਼ਾਰ ਫਲੈਟਾਂ ਦਾ ਕਬਜ਼ਾ ਚਾਹੁੰਦੇ ਹਨ। ਬੈਂਚ ਨੇ ਕਿਹਾ ਕਿ ਡਾਇਰੈਕਟਰਾਂ ਦਾ ਆਚਰਣ ਨਿਆਂ ਪਾਲਿਕਾ ਦੇ ਹੁਕਮਾਂ ਦੀ ਘੋਰ ਉਲੰਘਣਾ ਹੈ।

# ਆਲੋਕ ਵਰਮਾ ਦੀ ਅਰੁਣ ਸ਼ੋਰੀ ਤੇ ਪ੍ਰਸ਼ਾਂਤ ਭੂਸ਼ਣ ਨਾਲ ਮਿਲਣੀ ਤੋਂ ਸਰਕਾਰ ਨਰਾਜ਼



ਸਾਬਕਾ ਕੇਂਦਰੀ ਮੰਤਰੀ ਅਰੁਣ ਸ਼ੋਰੀ ਤੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਸੀ ਬੀ ਆਈ ਡਾਇਰੈਕਟਰ ਆਲੋਕ ਵਰਮਾ ਨਾਲ ਮੁਲਾਕਾਤ ਤੋਂ ਬਾਅਦ।

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਦਿੱਲੀ ਵਿੱਚ ਚਰਚਾ ਹੈ ਕਿ ਸੀ ਬੀ ਆਈ ਡਾਇਰੈਕਟਰ ਆਲੋਕ ਵਰਮਾ ਵੱਲੋਂ ਸਾਬਕਾ ਕੇਂਦਰੀ ਮੰਤਰੀ ਅਰੁਣ ਸ਼ੋਰੀ ਅਤੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨਾਲ ਮੁਲਾਕਾਤ ਕਰਨ ਤੋਂ ਸਰਕਾਰ ਨਾਰਾਜ਼ ਹੈ। ਇੱਕ ਸੀਨੀਅਰ ਸਰਕਾਰ ਅਧਿਕਾਰੀ ਨੇ ਕਿਹਾ ਕਿ ਏਜੰਸੀ ਦੇ ਮੁਖੀ ਦਾ ਨੇਤਾਵਾਂ ਨਾਲ ਮੁਲਾਕਾਤ ਕਰਨਾ 'ਅਸਾਧਾਰਨ' ਗੱਲ ਹੈ, ਜਿਸ ਦੇ ਕਈ ਅਰਥ ਨਿਕਲਦੇ ਹਨ।

ਵਰਨਣ ਯੋਗ ਹੈ ਕਿ ਸ਼ੋਰੀ ਅਤੇ ਪ੍ਰਸ਼ਾਂਤ ਭੂਸ਼ਣ ਪਿਛਲੇ ਹਫਤੇ ਸੀ ਬੀ ਆਈ ਡਾਇਰੈਕਟਰ ਨੂੰ ਮਿਲੇ ਸਨ ਤੇ ਦੋਵਾਂ ਨੇ ਉਨ੍ਹਾਂ ਨੂੰ ਦਸਤਾਵੇਜ਼ ਸੌਂਪ ਕੇ ਰਾਫੇਲ ਸੌਦੇ ਅਤੇ ਆਫਸੈਟ ਕਰਾਰ ਵਿੱਚ ਭ੍ਰਿਸ਼ਟਾਚਾਰ ਦੀ ਜਾਂਚ ਕਰਨ ਦੀ ਮੰਗ ਕੀਤੀ ਸੀ। ਇਸ ਅਧਿਕਾਰੀ ਨੇ ਕਿਹਾ ਕਿ ਸ਼ਾਇਦ ਇਹ ਪਹਿਲਾ ਮੌਕਾ ਸੀ, ਜਦੋਂ ਨੇਤਾਵਾਂ ਨੇ ਸੀ ਬੀ ਆਈ ਡਾਇਰੈਕਟਰ ਨਾਲ ਮੁਲਾਕਾਤ ਕੀਤੀ ਹੈ। ਅਜਿਹੀ ਮੁਲਾਕਾਤ ਅਸਾਧਾਰਨ ਹੈ।'

ਉਸ ਸਰਕਾਰੀ ਅਧਿਕਾਰੀ ਬੋਲਣ ਤੋਂ ਸੰਕੇਤ ਮਿਲਦਾ ਹੈ ਕਿ ਸਰਕਾਰ ਨੂੰ ਮੁਲਾਕਾਤ ਚੰਗੀ ਨਹੀਂ ਲੱਗੀ। ਆਪਣੀ ਗੱਲ 'ਤੇ ਜ਼ੋਰ ਦਿੰਦੇ ਹੋਏ ਅਧਿਕਾਰੀ ਨੇ ਦਾਅਵਾ ਕੀਤਾ ਕਿ ਸਾਧਾਰਨ ਸਥਿਤੀਆਂ ਵਿੱਚ ਜਦ ਕੋਈ ਨੇਤਾ ਸੀ ਬੀ ਆਈ ਦੇ ਮੁਖੀ ਨਾਲ ਮੁਲਾਕਾਤ ਲਈ ਸਮਾਂ ਮੰਗਦਾ ਹੈ ਤਾਂ ਉਸ ਨੂੰ ਏਜੰਸੀ ਹੈਡਕੁਆਰਟਰ ਦੇ ਸਵਾਗਤ ਰੂਮ (ਰਿਸੈਪਸ਼ਨ) ਵਿੱਚ ਸ਼ਿਕਾਇਤਾਂ ਜਾਂ ਹੋਰ ਦਸਤਾਵੇਜ਼ ਸੌਂਪਣ ਦੀ ਸਲਾਹ ਦੇ ਦਿੱਤੀ ਜਾਂਦੀ ਹੈ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed





Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4



Honesty, Reliability, Commitment
HomeLife SilverCity
"Open House Until Sold"
Hira Randhawa
Broker
○ 1 yr Home Warranty ○ Appliances & Furniture
○ 40% Discount on Brand Name ○ Free Evaluation & Lowest Commission
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585

$299,900 — Hwy 20 & Stanley St.
Front And Back Duplex Near Center St. And Clifton Hill. Brand New Roof 2016. Main House Has 2 Bdrms, Finished Attic Space And Full Unfinished Bsmnt With Sep. Ent. Covered Front Porch. Current Tenant Pays $750 Inclusive.

$619,000 — Wanless & Mclaughlin
Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities

$639,000 — Hwy 10/ Sandalwood
A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.

$699,900 — Chinguacousy/Queen
Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa,
Travel Insurance
Call: 416.319.0551



HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



◆ Insurance ◆
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DUCT CLEANING
A breath of Clean air
Residential & Commercial
Air duct cleaning
and dryer vent cleaning
Free Sanitizer




66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ
ਤਸਲੀ ਬਖ਼ਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344



# ਅਮਰੀਕਾ ਨੇ ਇਜ਼ਰਾਈਲ ਤੋਂ 'ਟਰਾਫੀ' ਡਿਫੈਂਸ ਸਿਸਟਮ ਖਰੀਦ ਲਿਆ

ਯੇਰੂਸ਼ਲਮ, 10 ਅਕਤੂਬਰ (ਪੋਸਟ ਬਿਊਰੋ)- ਦੁਨੀਆ ਭਰ ਨੂੰ ਹਥਿਆਰ ਵੇਚਣ ਵਾਲੇ ਅਮਰੀਕਾ ਨੇ ਆਪਣੀ ਫੌਜ ਲਈ ਬਖਤਰਬੰਦ ਵਾਹਨਾਂ ਦੀ ਸੁਰੱਖਿਆ ਵਾਸਤੇ ਇਜ਼ਰਾਈਲ ਤੋਂ ਫ਼ੌਜੀ ਹਥਿਆਰ ਸਿਸਟਮ 'ਟਰਾਫੀ' ਨੂੰ ਖ਼ਰੀਦਣ ਦਾ ਸੌਦਾ ਕੀਤਾ ਹੈ। ਅਮਰੀਕਾ ਨੂੰ ਇਹ ਪ੍ਰਣਾਲੀ 50 ਕਰੋੜ ਡਾਲਰ ਵਿੱਚ ਮਿਲੇਗਾ।

ਮਿਲੀ ਜਾਣਕਾਰੀ ਅਨੁਸਾਰ ਟਰਾਫੀ ਫ਼ੌਜੀ ਵਾਹਨਾਂ ਨੂੰ ਮਿਜ਼ਾਈਲ ਅਤੇ ਮੋਰਟਾਰ ਹਮਲੇ ਤੋਂ ਬਚਾਉਂਦੀ ਹੈ। ਇਸ ਦੇ ਨਾਲ ਹੀ ਇਹ ਫ਼ੌਜੀ ਵਾਹਨਾਂ ਵੱਲੋਂ ਆਈ ਮਿਜ਼ਾਈਲ ਅਤੇ ਮੋਰਟਾਰ ਨੂੰ ਤਬਾਹ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਨੂੰ ਇਜ਼ਰਾਈਲੀ ਕੰਪਨੀ ਰਫਾਇਲ ਐਡਵਾਂਸ ਡਿਫੈਂਸ ਸਿਸਟਮ ਨੇ ਬਣਾਇਆ ਹੈ। ਪਿਛਲੇ ਸਾਲ ਜੂਨ 'ਚ ਵੀ ਅਮਰੀਕੀ ਫ਼ੌਜ ਨੇ ਆਪਣੇ ਏਬਰੈਮਸ ਟੈਂਕਾਂ ਦੀ ਸੁਰੱਖਿਆ ਲਈ ਰਫਾਇਲ ਤੋਂ 19.3



ਕਰੋੜ ਡਾਲਰ ਵਿੱਚ ਇਹ ਸਿਸਟਮ ਖਰੀਦ ਕੀਤਾ ਸੀ। ਉਸ ਨੇ ਜ਼ਿਆਦਾ ਟੈਂਕਾਂ ਦੀ ਸੁਰੱਖਿਆ ਲਈ ਨਵਾਂ ਸਮਝੌਤਾ ਕੀਤਾ ਹੈ। ਰਫਾਇਲ ਅਮਰੀਕੀ ਫ਼ੌਜ ਨੂੰ ਟਰਾਫੀ ਦਾ ਹਲਕਾ ਐਡੀਸ਼ਨ ਵੇਚਣ ਦੀ ਯੋਜਨਾ 'ਤੇ ਵਿਚਾਰ ਕਰ ਰਹੀ ਹੈ। ਇਸ ਨਾਲ ਅਮਰੀਕੀ ਬਖਤਰਬੰਦ ਟੈਂਕਾਂ ਬ੍ਰੈਡਲੀ ਅਤੇ ਸਟਰਾਈਕਰ ਦੀ ਸੁਰੱਖਿਆ ਹੋ ਸਕੇਗੀ। ਟਰਾਫੀ ਦਾ ਹਲਕਾ ਐਡੀਸ਼ਨ ਵੀ 300 ਤੋਂ ਜ਼ਿਆਦਾ ਟੈਂਕ ਰੋਕੂ ਮਿਜ਼ਾਈਲ ਅਤੇ ਮੋਰਟਾਰ ਨੂੰ ਰੋਕਣ ਦੀ ਸਮਰੱਥਾ ਰੱਖਦਾ ਹੈ।

# ਮਹਾਰਾਜਾ ਰਣਜੀਤ ਸਿੰਘ ਦਾ ਤਰਕਸ਼ ਇਸ ਮਹੀਨੇ ਨਿਲਾਮ ਕੀਤਾ ਜਾਵੇਗਾ

ਲੰਡਨ, 10 ਅਕਤੂਬਰ (ਪੋਸਟ ਬਿਊਰੋ)- ਮਹਾਰਾਜਾ ਰਣਜੀਤ ਸਿੰਘ ਦੇ ਧਨੁਸ਼ ਅਤੇ ਤੀਰ ਰੱਖਣ ਲਈ ਬਣਿਆ ਕੀਮਤੀ ਸ਼ਾਹੀ ਤਰਕਸ਼ ਲੰਡਨ ਵਿਚ ਇਸ ਮਹੀਨੇ ਦੇ ਅੰਤ ਵਿਚ ਨਿਲਾਮ ਹੋਵੇਗਾ। ਭਾਰਤੀ ਖਜ਼ਾਨੇ ਦੀ ਇਹ ਅਮੁੱਲ ਵਿਰਾਸਤ ਮਖਮਲੀ ਕੱਪੜੇ ਵਿਚ ਲਿਪਟੀ ਅਤੇ ਚਮੜੇ ਦੀ ਪੱਟੀ ਨਾਲ ਕੱਸੀ ਹੈ। ਇਸ ਦੇ ਉਪਰ ਸੋਨੇ ਦੀ ਤਾਰ ਦੀ ਬੇਹੱਦ ਖ਼ੂਬਸੂਰਤ ਕਾਰੀਗਰੀ ਕੀਤੀ ਗਈ ਹੈ, ਜਿਸ ਦੇ ਸਮੇਤ ਨਿਲਾਮੀ ਕੀਤੀ ਜਾਣੀ ਹੈ।

ਬੋਹਮਾਸ ਦੀ ਇਸ ਨਿਲਾਮੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਜਿੰਦਾਂ ਦਾ ਕੀਮਤੀ ਪੰਨੇ ਤੇ ਮੋਤੀ ਦਾ ਹਾਰ ਵੀ ਨਿਲਾਮ ਹੋਵੇਗਾ। ਸ਼ੇਰੇ ਪੰਜਾਬ ਦੇ ਨਾਂ ਨਾਲ ਮਸ਼ਹੂਰ ਸਿੱਖ ਮਹਾਰਾਜਾ ਰਣਜੀਤ ਸਿੰਘ ਇਸ ਤਰਕਸ਼ ਦੀ ਵਰਤੋਂ ਜੰਗ ਵਿਚ ਨਹੀਂ ਕਰਦੇ ਸਨ, ਇਸ ਦੀ ਵਰਤੋਂ ਵਿਸ਼ੇਸ਼ ਸਮਾਰੋਹਾਂ ਵਿੱਚ ਕੀਤੀ ਜਾਂਦੀ ਸੀ। 23 ਅਕਤੂਬਰ ਨੂੰ ਬੋਹਮਾਸ ਅਤੇ ਇੰਡੀਅਨ ਆਰਟ ਸੇਲ ਵਿਚ ਹੋਣ ਵਾਲੀ ਇਸ ਨਿਲਾਮੀ 'ਚ ਤਰਕਸ਼ ਦੀ ਅੰਦਾਜ਼ਨ ਕੀਮਤ 80 ਹਜ਼ਾਰ ਪੌਂਡ ਅਤੇ ਇਕ ਲੱਖ ਵੀਹ ਹਜ਼ਾਰ ਪੌਂਡ ਦੇ ਵਿਚਾਲੇ ਹੋਵੇਗੀ। ਬੋਹਮਾਸ ਵਿਚ ਭਾਰਤੀ ਤੇ ਇਸਲਾਮਿਕ ਕਲਾ ਦੇ ਮੁਖੀ ਓਲੀਵਰ ਵ੍ਹਾਈਟ ਨੇ ਦੱਸਿਆ ਕਿ ਇਹ ਆਕਰਸ਼ਕ ਕਲਾਕ੍ਰਿਤ ਲਾਹੌਰ ਦੇ ਖਜ਼ਾਨੇ ਤੋਂ ਆਈ ਹੈ ਤੇ ਇਸ ਦੇ ਸਾਰੇ ਦਸਤਾਵੇਜ਼ ਦੱਸਦੇ ਹਨ ਕਿ ਇਹ ਸਾਲ 1838 ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਲਈ ਬਣਾਇਆ ਗਿਆ ਸੀ। ਉਨ੍ਹਾਂ ਮੁਤਾਬਕ ਇਹ ਲੱਗਦਾ ਹੈ ਕਿ ਇਸ ਦੀ ਵਰਤੋਂ ਬਹੁਤ ਘੱਟ ਹੋਈ ਹੈ। ਆਰਟ ਗੈਲਰੀ ਬੋਹਮਾਸ ਦੇ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਧਨੁਸ਼ ਵਿੱਦਿਆ ਦੀ



ਸਿੱਖਾਂ ਦੀ ਫ਼ੌਜੀ ਸੱਭਿਆਚਾਰ ਵਿਚ ਅਹਿਮ ਭੂਮਿਕਾ ਸੀ।

ਕਿਹਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ 1838 ਵਿੱਚ ਆਪਣੇ ਸਭ ਤੋਂ ਵੱਡੇ ਪੁੱਤਰ ਅਤੇ ਵਾਰਸ ਖੜਕ ਸਿੰਘ ਦੇ ਵਿਆਹ 'ਤੇ ਇਸ ਨੂੰ ਆਪਣੇ ਲਈ ਬਣਵਾਇਆ ਸੀ। ਉਸੇ ਸਾਲ ਇਕ ਫਰੈਂਚ ਕਲਾਕਾਰ ਅਲਫਰੈੱਡ ਡੀ ਡ੍ਰਾਕਸ ਨੇ ਇਸ ਨੂੰ ਫੜੇ ਹੋਏ ਮਹਾਰਾਜਾ ਦੀ ਪੇਂਟਿੰਗ ਵੀ ਬਣਾਈ ਸੀ, ਜੋ ਅੱਜ ਕੱਲ੍ਹ ਪੈਰਿਸ ਦੇ ਮਿਊਜ਼ੀਅਮ ਵਿਚ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ 1839 ਵਿਚ ਹੋਈ ਤੇ ਉਸ ਪਿੱਛੋਂ ਪੰਜਾਬ ਦੀ ਅਸਥਿਰਤਾ ਦਾ ਲਾਭ ਉਠਾ ਕੇ ਈਸਟ ਇੰਡੀਆ ਕੰਪਨੀ ਨੇ ਜੰਗ ਜਿੱਤ ਲਈ। 1846 ਵਿੱਚ ਜੰਗ ਜਿੱਤਣ ਪਿੱਛੋਂ ਇਸ ਕੰਪਨੀ ਨੇ ਲਾਹੌਰ ਦੇ ਸ਼ਾਹੀ ਖਜ਼ਾਨੇ ਵਿਚ ਕੀਮਤੀ ਕੋਹਿਨੂਰ ਹੀਰੇ ਅਤੇ ਤਿਮੂਰ ਮਾਣਿਕ (ਰੂਬੀ) ਦੇ ਨਾਲ ਤਰਕਸ਼ ਵੀ ਰਖਵਾ ਦਿੱਤਾ ਸੀ। ਬਾਅਦ ਵਿਚ ਇਹ ਸਾਰਾ ਕੀਮਤੀ ਖਜ਼ਾਨਾ ਬ੍ਰਿਟਿਸ਼ ਅਫਸਰਾਂ ਨੇ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਲਈ ਭੇਟ ਵਜੋਂ ਲੰਡਨ ਭੇਜ ਦਿੱਤਾ ਸੀ। ਲਾਹੌਰ ਵਾਲੇ ਖਜ਼ਾਨੇ ਤੋਂ ਮਹਾਰਾਣੀ ਜਿੰਦਾਂ ਦਾ ਕੀਮਤੀ ਹਾਰ ਵੀ ਨਿਲਾਮ ਹੋਵੇਗਾ। ਬੇਹੱਦ ਖ਼ੂਬਸੂਰਤ ਅਤੇ ਫੈਸ਼ਨੇਬਲ ਮਹਾਰਾਣੀ ਜਿੰਦਾਂ ਦੇ ਪੰਨੇ ਅਤੇ ਮੋਤੀ ਦੇ ਇਸ ਹਾਰ ਦੀ ਕੀਮਤ ਵੀ 80 ਹਜ਼ਾਰ ਪੌਂਡ ਅਤੇ ਇਕ ਲੱਖ ਵੀਹ ਹਜ਼ਾਰ ਪੌਂਡ ਦੇ ਵਿਚਾਲੇ ਦੱਸੀ ਜਾਂਦੀ ਹੈ। ਜਿੰਦਾਂ ਉਹ ਰਾਣੀ ਸੀ, ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਸਤੀ ਹੋਣਾ ਸਵੀਕਾਰ ਨਹੀਂ ਕੀਤਾ ਸੀ। ਆਪਣੇ ਪੰਜ ਸਾਲ ਦੇ ਪੁੱਤਰ ਦਲੀਪ ਸਿੰਘ ਨੂੰ ਸੱਤਾ ਦਿਵਾਉਣ ਲਈ 1843 'ਚ ਮਹਾਰਾਣੀ ਜਿੰਦਾਂ ਨੇ ਫ਼ੌਜ ਖੜ੍ਹੀ ਕਰ ਕੇ ਬ੍ਰਿਟਿਸ਼ ਫ਼ੌਜ ਦਾ ਟਾਕਰਾ ਕੀਤਾ, ਪ੍ਰੰਤੂ ਉਸ ਨੂੰ ਬੰਦੀ ਬਣਾ ਕੇ ਜੇਲ੍ਹ 'ਚ ਸੁੱਟ ਦਿੱਤਾ ਗਿਆ। ਉਹ ਨੇਪਾਲ ਦੀ ਜੇਲ੍ਹ ਵਿਚੋਂ ਭੱਜ ਕੇ ਇੰਗਲੈਂਡ ਪੁੱਜ ਗਈ ਤੇ ਆਪਣੇ ਪੁੱਤਰ ਤੇ ਆਪਣੇ ਜ਼ੇਵਰਾਤ ਲੈਣ 'ਚ ਸਫਲ ਹੋਈ। ਇਨ੍ਹਾਂ ਗਹਿਣਿਆਂ 'ਚ ਉਨ੍ਹਾਂ ਦਾ ਨਿਲਾਮ ਹੋਣ ਵਾਲਾ ਨੈਕਲੈਸ ਵੀ ਸ਼ਾਮਿਲ ਹੈ।

# ਗੰਭੀਰ ਬਿਮਾਰੀ ਕਾਰਨ ਮਸੂਦ ਅਜ਼ਹਰ ਦੀ ਜਾਨ ਨੂੰ ਖਤਰਾ



ਇਸਲਾਮਾਬਾਦ, 10 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦਾ ਮੁਖੀ ਮਸੂਦ ਅਜ਼ਹਰ ਅੱਜਕੱਲ੍ਹ ਗੰਭੀਰ ਬਿਮਾਰੀ ਦਾ ਸ਼ਿਕਾਰ ਹੈ। ਡਾਕਟਰਾਂ ਨੇ ਕਿਹਾ ਹੈ ਕਿ ਉਸ ਦੀ ਜਾਨ ਨੂੰ ਖਤਰਾ ਹੈ। ਉਸ ਨੂੰ ਪੂਰੀ ਤਰ੍ਹਾਂ ਆਰਾਮ ਕਰਨ ਦੀ ਸਲਾਹ ਦਿੱਤੀ ਗਈ ਹੈ।

ਸਥਾਨਕ ਮੀਡੀਆ ਦੇ ਮੁਤਾਬਕ ਅਜ਼ਹਰ ਨੇ ਆਪਣੇ ਸੰਗਠਨ ਨੂੰ ਇਸ ਵੇਲੇ ਦੋ ਭਰਾਵਾਂ ਰਉਫ ਅਸਗਰ ਅਤੇ ਅਤਹਰ ਇਬਰਾਹੀਮ ਵਿਚਾਲੇ ਵੰਡ ਦਿੱਤਾ ਹੈ। ਖ਼ਬਰਾਂ ਵਿੱਚ ਕਿਹਾ ਗਿਆ ਹੈ ਕਿ ਅਜ਼ਹਰ ਨੂੰ ਗੁਰਦੇ ਨਾਲ ਸੰਬੰਧਤ ਕੋਈ ਬਿਮਾਰੀ ਹੈ ਤੇ ਉਸ ਦੀ ਰੀੜ੍ਹ ਦੀ ਹੱਡੀ ਵਿੱਚ ਵੀ ਨੁਕਸ ਦੱਸਿਆ ਜਾਂਦਾ ਹੈ। ਖੁਫੀਆ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਅਜ਼ਹਰ ਨੂੰ ਕਿਸੇ ਵੇਲੇ ਵੀ ਰਾਵਲਪਿੰਡੀ ਦੇ ਮਿਲਟਰੀ ਹਸਪਤਾਲ 'ਚ ਦਾਖਲ ਕੀਤਾ ਜਾ ਸਕਦਾ ਹੈ। ਉਸ ਨੂੰ ਇਲਾਜ ਮਗਰੋਂ ਡੇਢ ਸਾਲ ਤੱਕ ਬਿਸਤਰੇ 'ਤੇ ਰਹਿਣਾ ਹੋਵੇਗਾ। ਇੱਕ ਭਾਰਤੀ ਡਿਪਲੋਮੈਟ ਨੇ ਕਿਹਾ ਕਿ ਉਸ ਨੂੰ ਮਸੂਦ ਅਜ਼ਹਰ ਦੀ ਕਿਸੇ ਬਿਮਾਰੀ ਬਾਰੇ ਜਾਣਕਾਰੀ ਨਹੀਂ ਹੈ। ਪਿਛਲੇ ਕਈ ਦਿਨਾਂ ਤੋਂ ਕਿਸੇ ਨੇ ਅਜ਼ਹਰ ਨੂੰ ਨਹੀਂ ਦੇਖਿਆ ਹੈ।

ਵਰਨਣ ਯੋਗ ਹੈ ਕਿ ਮਸੂਦ 2001 'ਚ ਭਾਰਤੀ ਪਾਰਲੀਮੈਂਟ ਉੱਤੇ ਹੋਏ ਹਮਲੇ, 2005 ਵਿੱਚ ਅਯੁੱਧਿਆ ਵਿਖੇ ਹੋਏ ਖੂਨ-ਖਰਾਬੇ ਤੇ 2016 ਵਿੱਚ ਪਠਾਨਕੋਟ ਏਅਰਬੇਸ 'ਤੇ ਹੋਏ ਹਮਲੇ ਲਈ ਜ਼ਿੰਮੇਵਾਰ ਹੈ।

# ਟਰੰਪ ਨੇ ਸਾਊਦੀ ਅਰਬ ਨੂੰ ਲਾਪਤਾ ਪੱਤਰਕਾਰ ਦੇ ਕੇਸ ਦੀ ਜਾਂਚ ਵਿੱਚ ਸਹਿਯੋਗ ਲਈ ਕਿਹਾ

ਵਾਸ਼ਿੰਗਟਨ, 10 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਊਦੀ ਅਰਬ ਦੇ ਸੀਨੀਅਰ ਪੱਤਰਕਾਰ ਜਮਾਲ ਖਸ਼ੋਗੀ ਦੀ ਗੁਮਸ਼ੁਦਗੀ 'ਤੇ ਚਿੰਤਾ ਪ੍ਰਗਟ ਕੀਤੀ ਹੈ। ਟਰੰਪ ਨੇ ਇਸ ਦੇ ਨਾਲ ਹੀ ਸਾਊਦੀ ਅਰਬ ਸਰਕਾਰ ਨੂੰ ਇਹ ਬੇਨਤੀ ਕੀਤੀ ਹੈ ਕਿ ਉਹ ਜਮਾਲ ਦਾ ਪਤਾ ਲਾਉਣ ਲਈ ਵਿਸਥਾਰਤ ਜਾਂਚ ਪੜਤਾਲ ਕਰਨ ਵਿੱਚ ਸਹਿਯੋਗ ਕਰੇ ਤੇ ਇਸ ਦੇ ਨਤੀਜੇ ਬਾਰੇ ਵੀ ਪਾਰਦਰਸ਼ਤਾ ਵਰਤੇ।

ਵਰਨਣ ਯੋਗ ਹੈ ਕਿ ਅਮਰੀਕੀ ਅਖਬਾਰ ਵਾਸ਼ਿੰਗਟਨ ਪੋਸਟ ਵਿੱਚ ਲਿਖਣ ਵਾਲੇ 59 ਸਾਲਾ ਜਮਾਲ ਬੀਤੇ ਹਫਤੇ ਇਸਤਾਂਬੁਲ ਦੇ ਸਾਊਦੀ ਦੂਤਘਰ 'ਚ ਦਾਖਲ ਹੋਣ ਪਿੱਛੋਂ ਲਾਪਤਾ ਹਨ। ਤੁਰਕੀ ਨੇ ਸ਼ੰਕਾ ਪ੍ਰਗਟ ਕੀਤੀ ਹੈ ਕਿ



ਸਾਊਦੀ ਅਰਬ ਸਰਕਾਰ ਨੇ ਦੂਤਘਰ ਦੇ ਅੰਦਰ ਜਮਾਲ ਦੀ ਹੱਤਿਆ ਕਰਵਾ ਦਿੱਤੀ ਹੈ। ਜਮਾਲ ਸਾਊਦੀ ਅਰਬ ਦੇ ਪ੍ਰਿੰਸ ਮੁਹੰਮਦ ਬਿਨ ਸਲਮਾਨ ਖਿਲਾਫ ਇਕ ਸਾਲ ਤੋਂ ਲੇਖ ਲਿਖਦੇ ਰਹੇ ਸਨ। ਡੋਨਾਲਡ ਟਰੰਪ ਨੇ ਬੀਤੇ ਦਿਨੀਂ ਕਿਹਾ, 'ਇਸ ਘਟਨਾ ਤੋਂ ਮੈਂ ਕਾਫੀ ਚਿੰਤਤ ਹਾਂ। ਪੱਤਰਕਾਰ ਦੀ ਗੁੰਮਸ਼ੁਦਗੀ ਦੀ ਖਬਰ ਸੁਣ ਕੇ ਚੰਗਾ ਨਹੀਂ ਲੱਗਾ। ਆਸ ਸੀ ਕਿ ਮਾਮਲਾ ਖੁਦ ਹੱਲ ਹੋ ਜਾਵੇਗਾ, ਪਰ ਪੱਤਰਕਾਰ ਦੇ ਸਬੰਧ 'ਚ ਕੁਝ ਬੁਰੀ ਖਬਰ ਚੱਲ ਰਹੀ ਹੈ ਜੋ ਮੈਨੂੰ ਪਸੰਦ ਨਹੀਂ ਹੈ।'

ਵਾਸ਼ਿੰਗਟਨ ਪੋਸਟ ਨੇ ਤੁਰਕੀ ਦੇ ਅਧਿਕਾਰੀਆਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਜਮਾਲ ਦੀ ਹੱਤਿਆ ਲਈ ਦੋ ਜਹਾਜ਼ਾਂ ਵਿੱਚ 15 ਸਾਊਦੀ ਲੋਕਾਂ ਦੀ ਇਕ ਟੀਮ ਤੁਰਕੀ ਆਈ ਸੀ। ਸਾਊਦੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਮਾਲ ਦੂਤਘਰ ਦੇ ਪਿਛਲੇ ਦਰਵਾਜ਼ੇ ਤੋਂ ਨਿਕਲ ਗਏ ਸਨ। ਉਹ ਤੁਰਕੀ ਦੀ ਇਕ ਔਰਤ ਨਾਲ ਵਿਆਹ ਕਰਨ ਵਾਲੇ ਸਨ। ਇਸੇ ਮਕਸਦ ਨਾਲ ਉਹ ਦੋ ਅਕਤੂਬਰ ਨੂੰ ਦੂਤਘਰ 'ਚ ਗਏ ਸਨ ਤੇ ਉਦੋਂ ਤੋਂ ਲਾਪਤਾ ਹਨ।

# ਨੇਪਾਲ ਸਰਕਾਰ ਨੇ ਭਾਰਤ ਦੀ ਖੰਡ ਲੈਣੀ ਬੰਦ ਕੀਤੀ

ਗੋਰਖਪੁਰ, 10 ਅਕਤੂਬਰ (ਪੋਸਟ ਬਿਊਰੋ)- ਭਾਰਤ ਅਤੇ ਪਾਕਿਸਤਾਨ ਤੋਂ ਖੰਡ ਮੰਗਵਾਉਣ ਉੱਤੇ ਨੇਪਾਲ ਸਰਕਾਰ ਨੇ ਰੋਕ ਲਾ ਦਿਤੀ ਹੈ। ਨੇਪਾਲ ਦੇ ਭੈਰਹਵਾ ਕਸਟਮ ਦਫਤਰ ਨੂੰ ਅਜਿਹਾ ਇੱਕ ਪੱਤਰ ਮਿਲਿਆ ਹੈ। ਇਸ ਤੋਂ ਪਹਿਲਾਂ ਸਿਰਫ ਨੇਪਾਲ ਵਿਚ ਸਿਰਫ ਸੋਨੌਲੀ ਬਾਜ਼ਾਰ ਤੋਂ ਹੀ ਰੋਜ਼ਾਨਾ 600 ਬੋਰੀ ਖੰਡ ਜਾਇਆ ਕਰਦੀ ਸੀ। ਨੇਪਾਲ ਦੇ ਕਸਟਮ ਸੂਚਨਾ ਅਧਿਕਾਰੀ ਕਾਲੀਰਾਮ ਪੌਡੇਲ ਨੇ ਦਸਿਆ ਕਿ ਨੇਪਾਲ ਵਿਚ ਪਾਕਿਸਤਾਨ ਤੇ ਭਾਰਤ ਤੋਂ ਇਕ ਸਾਲ ਵਿਚ 94900 ਮੀਟ੍ਰਿਕ ਟਨ ਖੰਡ ਮੰਗਵਾਈ ਜਾਂਦੀ ਹੈ, ਇਹ ਕੋਟਾ ਇਸ ਮਹੀਨੇ ਪੂਰਾ ਹੋ ਗਿਆ ਹੈ। ਭੈਰਹਵਾ ਭੰਸਾਰ ਦੇ ਦਫਤਰ ਵਿਖੇ ਨੇਪਾਲ ਦੇ ਵਪਾਰ ਮੰਤਰਾਲੇ ਦਾ ਪੱਤਰ ਆਇਆ ਹੈ ਜਿਸ ਵਿਚ ਖੰਡ ਤੇ ਰੋਕ ਲਾਉਣ ਦਾ ਹੁਕਮ ਦਿਤਾ ਗਿਆ ਹੈ। ਨੇਪਾਲ ਦੇ ਰੁਪੰਦੇਹੀ ਜਿਲੇ ਦੇ ਵਿਧਾਇਕ ਸੰਤੋਸ਼ ਪਾਂਡੇ ਦਾ ਕਹਿਣਾ ਹੈ ਕਿ ਨੇਪਾਲ ਸਰਕਾਰ ਨੇ ਖੰਡ ਉੱਤੇ ਜਿਹੜੀ ਪਾਬੰਦੀ ਲਾਈ ਹੈ, ਉਹ ਗਲਤ ਹੈ। ਆਮ ਆਦਮੀ ਨੂੰ ਰਾਹਤ ਚਾਹੀਦੀ ਹੈ। ਨੇਪਾਲ ਵਿਚ ਚੀਨੀ ਦਾ ਉਤਪਾਦਨ ਨਹੀਂ ਹੈ। ਭਾਰਤ ਦੇ ਸਰਹੱਦੀ ਖੇਤਰਾਂ ਵਿਚ ਖੰਡ ਆਸਾਨੀ ਨਾਲ ਮਿਲ ਜਾਂਦੀ ਹੈ।

ਰੁਪੰਦੇਹੀ ਜਿਲੇ ਦੇ ਮਰਚਵਾਰ ਤੋਂ ਭੈਰਹਵਾ 22 ਕਿਲੋਮੀਟਰ ਦੂਰ ਹੈ, ਇਸ ਲਈ ਲੋਕ ਨੌਤਨਵਾ ਤੋਂ ਹੀ ਖੰਡ ਦੀ ਖਰੀਦ ਕਰ ਲੈਂਦੇ ਹਨ। ਵਪਾਰ ਮੰਡਲ ਦੇ ਮੁਖੀ ਬਬਲੂ ਸਿੰਘ ਦੇ ਮੁਤਾਬਕ ਨੇਪਾਲ ਦੇ ਬੁਟਵਲ ਕਸਬੇ ਵਿਚ ਇਕ ਸ਼ਾਪਿੰਗ ਮਾਲ ਖੁੱਲਿਆ ਹੈ, ਜਿੱਥੇ 200 ਟਰੱਕ ਖੰਡ ਪਾਕਿਸਤਾਨ ਤੋਂ ਮੰਗਵਾਈ ਗਈ ਹੈ। ਭਾਰਤੀ ਖੇਤਰ ਤੋਂ ਖੰਡ ਨੇਪਾਲ ਲੈ ਜਾਣ ਉੱਤੇ ਹਥਿਆਰਬੰਦ ਅਤੇ ਟ੍ਰੈਫਿਕ ਪੁਲਿਸ ਦੇ ਜਵਾਨ ਰੋਕਦੇ ਹਨ।

# ਤਕਨੀਕੀ ਗੜਬੜੀ ਪਿੱਛੋਂ ਹੱਬਲ ਸੁਰੱਖਿਅਤ ਮੋਡ ਵਿੱਚ ਪੈ ਗਿਆ

ਵਾਸ਼ਿੰਗਟਨ, 10 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਮੁਤਾਬਕ ਉਸ ਦੇ ਹੱਬਲ ਪੁਲਾੜੀ ਟੈਲੀਸਕੋਪ ਦੇ ਇੱਕ ਗਾਈਰੋਸਕੋਪ ਦੇ ਕੰਮ ਬੰਦ ਕਰਨ ਤੋਂ ਬਾਅਦ ਉਸ ਨੂੰ ਸੁਰੱਖਿਅਤ ਮੋਡ ਵਿੱਚ ਰੱਖ ਦਿੱਤਾ ਗਿਆ ਹੈ। ਨਾਸਾ ਪੰਜ ਅਕਤੂਬਰ ਤੋਂ ਸੁਰੱਖਿਅਤ ਮੋਡ 'ਤੇ ਰੱਖੇ ਗਏ ਪੁਲਾੜੀ ਗੱਡੀ ਦੇ ਵਿਗਿਆਨੀ ਕਾਰਜਾਂ ਨੂੰ ਮੁੜ ਤੋਂ ਸ਼ੁਰੂ ਕਰਨ ਦੇ ਲਈ ਯਤਨ ਕਰ ਰਹੀ ਹੈ। ਨੈਸ਼ਨਲ ਏਅਰੋਨਾਟਿਕਸ ਐਂਡ ਸਪੇਸ ਐਡਮਨਿਸਟਰੇਸ਼ਨ (ਨਾਸਾ) ਨੇ ਇੱਕ ਬਿਆਨ ਵਿੱਚ ਕਿਹਾ ਕਿ ਹੱਬਲ ਦੇ ਯੰਤਰ ਪੂਰੀ ਤਰ੍ਹਾਂ ਕੰਮ ਕਰ ਰਹੇ ਹਨ ਅਤੇ ਆਉਂਦੇ ਸਾਲਾਂ 'ਚ ਸਾਇੰਸ ਦੇ ਖੇਤਰ 'ਚ ਇਨ੍ਹਾਂ ਤੋਂ ਬਿਹਤਰ ਨਤੀਜੇ ਮਿਲਣ ਦੀ ਆਸ ਹੈ। ਸੁਰੱਖਿਅਤ ਮੋਡ ਟੈਲੀਸਕੋਪ ਨੂੰ ਇੱਕ ਸਥਿਰ ਸਥਿਤੀ ਵਿੱਚ ਉਦੋਂ ਤੱਕ ਰੱਖਦਾ ਹੈ, ਜਦੋਂ ਤੱਕ ਕਿ ਗਰਾਊਂਡ ਕੰਟਰੋਲ (ਨਿਗਰਾਨੀ



ਕਰਨ ਵਾਲਾ ਯੰਤਰ ਜਾਂ ਮੁਲਾਜ਼ਮ) ਇਸ ਸਮੱਸਿਆ ਨੂੰ ਸੁਧਾਰ ਨਹੀਂ ਲੈਂਦਾ ਅਤੇ ਮਿਸ਼ਨ ਮੁੜ ਆਮ ਰੂਪ ਨਾਲ ਕੰਮ ਨਹੀਂ ਕਰਨ ਲੱਗਦਾ। ਵਾਧੂ ਗਾਈਰੋਸਕੋਪ ਦੇ ਨਾਲ ਬਣੇ ਹੱਬਲ 'ਚ 2009 ਵਿੱਚ ਸਰਵਸਿੰਗ ਮਿਸ਼ਨ-4 ਦੌਰਾਨ ਛੇ ਨਵੇਂ ਗਾਈਰੋਸਕੋਪ ਲਾਏ ਗਏ ਸਨ। ਹੱਬਲ ਆਮ ਤੌਰ ਉਤੇ ਵੱਧ ਕਾਰਜ ਸਮਰੱਥਾ ਲਈ ਤਿੰਨ ਗਾਈਰੋਸਕੋਪ ਦੀ ਵਰਤੋਂ ਕਰਦਾ ਹੈ, ਪਰ ਉਹ ਇੱਕ ਦੇ ਨਾਲ ਵੀ ਵਿਗਿਆਨਕ ਆਬਜ਼ਰਵੇਸ਼ਨ ਕਰਨਾ ਜਾਰੀ ਰੱਖ ਸਕਦਾ ਹੈ।

# ਕਰੀਬ 5000 ਚਿਹਰੇ ਯਾਦ ਰੱਖ ਸਕਦੈ ਮਨੁੱਖ

ਲੰਡਨ, 10 ਅਕਤੂਬਰ (ਪੋਸਟ ਬਿਊਰੋ)- ਵਿਗਿਆਨੀਆਂ ਨੇ ਇਕ ਨਵੀਂ ਖੋਜ 'ਚ ਪਤਾ ਲਾਇਆ ਹੈ ਕਿ ਲੋਕ ਔਸਤਨ 5000 ਚਿਹਰੇ ਹੀ ਯਾਦ ਰੱਖ ਸਕਦੇ ਹਨ। ਬ੍ਰਿਟੇਨ ਦੀ ਯਾਰਕ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਆਪਣੇ ਪ੍ਰਯੋਗ ਨਾਲ ਇਹ ਜਾਣਨਾ ਚਾਹਿਆ ਕਿ ਕੋਈ ਵਿਅਕਤੀ ਆਪਣੇ ਜ਼ਿੰਦਗੀ ਵਿੱਚ ਮੀਡੀਆ ਵਿੱਚ ਦੇਖੇ ਗਏ ਚਿਹਰਿਆਂ ਦੇ ਨਾਲ ਹੀ ਮਸ਼ਹੂਰ ਚਿਹਰਿਆਂ ਵਿੱਚੋਂ ਕਿੰਨੇ ਚਿਹਰਿਆਂ ਨੂੰ ਯਾਦ ਰੱਖ ਸਕਦਾ ਹੈ। 'ਪ੍ਰੋਸੀਡਿੰਗਸ ਆਫ ਦ ਰੀਅਲ ਸੋਸਾਈਟੀ ਬੀ' ਮੈਗਜ਼ੀਨ ਵਿੱਚ ਛਪੀ ਖੋਜ ਵਿੱਚ ਇਕ ਆਧਾਰ ਪੇਸ਼ ਕਰਾਇਆ ਗਿਆ ਹੈ, ਜਿਸ ਵਿੱਚ ਮਨੁੱਖ ਦੇ ਚਿਹਰੇ ਦੀ ਤੁਲਨਾ ਚਿਹਰੇ ਪਛਾਨਣ ਵਾਲੇ ਸਾਫਟਵੇਅਰ ਨਾਲ ਕੀਤੀ ਗਈ ਹੈ। ਇਨ੍ਹਾਂ ਤਕਨੀਕਾਂ ਦੀ ਵਰਤੋਂ ਏਅਰਪੋਰਟ ਉੱਤੇ ਪੁਲਸ ਜਾਂਚ 'ਚ ਕੀਤੀ ਜਾਂਦੀ ਹੈ। ਯਾਰਕ ਯੂਨੀਵਰਸਿਟੀ ਦੇ ਰੋਬ ਜੇਨਕਿਨਸ ਦੇ ਮੁਤਾਬਕ ਸਾਡਾ ਅਧਿਐਨ ਇਸ ਗੱਲ 'ਤੇ ਕੇਂਦ੍ਰਿਤ ਸੀ ਕਿ ਲੋਕ ਅਸਲ ਵਿੱਚ ਕਿੰਨੇ ਚਿਹਰੇ ਪਛਾਣ ਸਕਦੇ ਹਨ। ਸਾਨੂੰ



ਅਜੇ ਤੱਕ ਪਤਾ ਨਹੀਂ ਲੱਗ ਸਕਿਆ ਕਿ ਮਨੁੱਖ ਕਿੰਨੇ ਚਿਹਰੇ ਪਛਾਣ ਸਕਦਾ ਹੈ। ਰਿਸਰਚ 'ਚ ਭਾਗੀਦਾਰਾਂ ਨੂੰ ਇਕ ਘੰਟੇ 'ਚ ਉਨ੍ਹਾਂ ਲੋਕਾਂ ਨੇ ਨਾਮ ਲਿਖਣ ਦੇ ਲਈ ਕਿਹਾ ਗਿਆ, ਜੋ ਉਨ੍ਹਾਂ ਦੀ ਜ਼ਿੰਦਗੀ ਨਾਲ ਜੁੜੇ ਹਨ। ਇਨ੍ਹਾਂ 'ਚ ਸਕੂਲ, ਕਾਲਜ, ਸਹਿਯੋਗੀ ਤੇ ਪਰਿਵਾਰ ਵਾਲੇ ਸ਼ਾਮਲ ਹਨ। ਇਸ ਤੋਂ ਬਾਅਦ ਉਨ੍ਹਾਂ ਨੂੰ ਮਸ਼ਹੂਰ ਹਸਤੀਆਂ ਜਿਵੇਂ ਅਦਾਕਾਰ, ਨੇਤਾ ਆਦੀ ਦੇ ਨਾਮ ਲਿਖਣ ਨੂੰ ਕਿਹਾ ਗਿਆ। ਭਾਗੀਦਾਰਾਂ ਨੂੰ ਪਹਿਲਾਂ ਤਾਂ ਕਾਫੀ ਚਿਹਰੇ ਯਾਦ ਆਏ ਪਰ ਘੰਟੇ ਦੇ ਅਖੀਰ 'ਚ ਉਨ੍ਹਾਂ ਨੂੰ ਚਿਹਰੇ ਯਾਦ ਕਰਨ 'ਚ ਮੁਸ਼ਕਲ ਆਈ। ਉਨ੍ਹਾਂ ਨੇ ਕਿਹਾ ਕਿ ਨਤੀਜੇ ਦੱਸਦੇ ਹਨ ਕਿ ਭਾਗੀਦਾਰ 1 ਹਜ਼ਾਰ ਤੋਂ 10 ਹਜ਼ਾਰ ਦੇ ਵਿਚਾਲੇ ਚਿਹਰੇ ਪਛਾਣ ਸਕਦੇ ਹਨ।

IN HOME CAREGIVER
Required In-Home Caregiver For Elderly and Disabled Person. Must Be fluent in English and Punjabi. Great salary and flexible hours. Free of cost live in room and meals included.
Please send resume at: mandeep.karwal@gmail.com or Drop a Call: 647-649-8100

Auto | Home | Business
"ਵਾਜਿਬ ਰੇਟ ਤੇ ਵਧੀਆ ਕਵਰੇਜ"
LUCKY
Unbeatable Prices
Good Rates
Huge Discounts on Various Insurances
Harmanjeet Kaur | 905.602.1629
LUCKY INSURANCE BROKERS LIMITED
1550 South Gateway Road, Suite #230 Mississauga, ON L4W 5G6

BANKRUPTCY, PROPOSAL, R9......... no problem! we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE: Mortgage, Refinancing, 1st, 2nd, 3rd, Mortgage. Residential Variable & Fixed Rates, Personal loans & Line of Credit Private Funding on Car, Gold & Property
CREDIT REPAIR: Fix your Credit, Bankruptcy, Proposal, Collections, R-9 and Late payments.
CREDIT CONSULTING: We do Settlement, Filling Bankruptcy & Proposals
ACCOUNTING: Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

Jobs Jobs Jobs
General Labour/ Unloader/ Window Assemblers & Machine Operators
- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
2355 Derry Rd E, Unit#20, 2nd Floor, Mississauga
Torbram/Derry intersection ਦੇ ਨੇੜੇ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Neha: 416.855.9671 or 416.618.6030

MICHELIN HANKOOK Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ Sale ਕੋਈ ਵੀ ਐਡਵਰਟਾਈਜ ਕੀਤੀ ਕੀਮਤ ਨੂੰ ਬੀਟ ਕੀਤਾ ਜਾਵੇਗਾ
SPECIAL ON TRUCK ALIGNMENT | BRAND NEW MACHINES 2018
Brake & Drum - On Special Sale! -Made in U.S
4 CAT Batteries 1000 on Special Sale
ਟਰੱਕਾਂ/ਕਾਰਾਂ ਦੇ ਟਾਇਰਾਂ ਦੀ ਅਤੇ ਇੰਜਣ /ਬੰਕ ਹੀਟਰ ਦੀ ਭਾਰੀ ਸੈਲ
7 ਦਿਨ ਖੁੱਲਾ
www.besttruckrepairandtire.ca | Email: ranjitbesttruck@yahoo.ca
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# 17 ਲੱਖ ਦੇ ਗਹਿਣੇ ਅਤੇ ਨਕਦੀ ਲੈ ਕੇ ਨੌਕਰ ਫਰਾਰ



ਲੁਧਿਆਣਾ, 10 ਅਕਤੂਬਰ (ਪੋਸਟ ਬਿਊਰੋ)- ਘਰੇਲੂ ਕੰਮਾਂ ਲਈ ਦੋ ਹਫਤੇ ਪਹਿਲਾ ਰੱਖੇ ਨੌਕਰ ਨੇ ਦੋ ਦਿਨ ਪਹਿਲਾਂ ਪਲਾਈਬੋਰਡ ਵਪਾਰੀ ਦੇ ਘਰ ਚੋਰੀ ਦੀ ਵਾਰਦਾਤ ਕਰ ਦਿੱਤੀ ਹੈ। ਦੋਸ਼ੀ ਘਰ ਦੀ ਅਲਮਾਰੀਆਂ ਤੋੜ ਕੇ 15 ਲੱਖ ਦੇ ਗਹਿਣੇ, ਦੋ ਲੱਖ ਰੁਪਏ, ਦੋ ਲੈਪਟਾਪ ਤੇ ਹੋਰ ਸਾਮਾਨ ਚੋਰੀ ਕਰ ਕੇ ਫਰਾਰ ਹੋ ਗਿਆ। ਇਸ ਘਟਨਾ ਦਾ ਉਸ ਵੇਲੇ ਪਤਾ ਲੱਗਾ ਜਦ ਘਰ ਦਾ ਮਾਲਕ ਪਰਵਾਰ ਦੇ ਨਾਲ ਘਰ ਵਾਪਸ ਆਇਆ। ਸੂਚਨਾ ਮਿਲਣ ਦੇ ਬਾਅਦ ਥਾਣਾ ਡਵੀਜ਼ਨ ਅੱਠ ਦੀ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਇਸ ਮਾਮਲੇ ਵਿੱਚ ਵਿਜੈ ਕੁਮਾਰ ਦੀ ਸ਼ਿਕਾਇਤ 'ਤੇ ਨੇਪਾਲ ਦੇ ਜ਼ਿਲਾ ਛੇਟੀ ਪਿੰਡ ਨਿਵਾਸੀ ਗੋਪਾਲ ਦੇ ਖਿਲਾਫ ਚੋਰੀ ਦਾ ਮਾਮਲਾ ਦਰਜ ਕੀਤਾ ਅਤੇ ਦੋਸ਼ੀ ਦੀ ਤਲਾਸ਼ 'ਚ ਲੱਗੀ ਹੋਈ ਹੈ।

ਵਿਜੈ ਕੁਮਾਰ ਦੇ ਮੁਤਾਬਕ ਉਸ ਦਾ ਪਲਾਈਬੋਰਡ ਦਾ ਕੰਮ ਹੈ। ਉਸ ਨੂੰ ਘਰੇਲੂ ਕੰਮਾਂ ਲਈ ਲੜਕੇ ਦੀ ਜ਼ਰੂਰਤ ਸੀ। ਦੋ ਹਫਤੇ ਪਹਿਲਾਂ ਇਲਾਕੇ ਦਾ ਚੌਕੀਦਾਰ ਉਸ ਨੂੰ ਨਾਲ ਲੈ ਕੇ ਆਇਆ ਅਤੇ ਬੋਲਿਆ ਕਿ ਇਹ ਉਸ ਦਾ ਰਿਸ਼ਤੇਦਾਰ ਹੈ, ਉਸ ਨੂੰ ਕੰਮ ਦੇ ਦਿਓ। ਚੌਕੀਦਾਰ ਉਤੇ ਭਰੋਸਾ ਕਰਕੇ ਉਨ੍ਹਾਂ ਨੇ ਗੋਪਾਲ ਨੂੰ ਕੰਮ ਉਤੇ ਰੱਖ ਲਿਆ। ਦੋ ਦਿਨ ਪਹਿਲਾਂ ਵਿਜੈ ਕੁਮਾਰ ਪਰਵਾਰ ਦੇ ਨਾਲ ਸਾਮਾਨ ਦੀ ਖਰੀਦ ਕਰਨ ਗਏ ਤਾਂ ਗੋਪਾਲ ਘਰ ਵਿੱਚ ਇਕੱਲਾ ਸੀ। ਉਸ ਨੇ ਘਰ ਦੀਆਂ ਅਲਮਾਰੀਆਂ ਦੇ ਤਾਲੇ ਤੋੜ ਕੇ ਗਹਿਣੇ, ਨਕਦੀ ਅਤੇ ਹੋਰ ਕੀਮਤੀ ਸਾਮਾਨ ਚੋਰੀ ਕਰ ਲਿਆ। ਜਦ ਉਹ ਰਾਤ ਨੂੰ ਵਾਪਸ ਆਏ ਤਾਂ ਨੌਕਰ ਨਹੀਂ ਸੀ। ਉਹ ਕਮਰੇ ਵਿੱਚ ਗਏ ਤਾਂ ਅਲਮਾਰੀਆਂ ਦੇ ਤਾਲੇ ਟੁੱਟੇ ਹੋਏ ਸਨ। ਕੇਸ ਦੇ ਜਾਂਚ ਅਧਿਕਾਰੀ ਏ ਐਸ ਆਈ ਤਰਸੇਮ ਸਿੰਘ ਨੇ ਦੱਸਿਆ ਕਿ ਦੋਸ਼ੀ ਦਾ ਕੋਈ ਸੁਰਾਗ ਨਹੀਂ ਹੈ। ਵਿਜੈ ਕੁਮਾਰ ਨੇ ਦੋਸ਼ੀ ਦੇ ਬਾਰੇ ਪੁਲਸ ਵੈਰੀਫਿਕੇਸ਼ਨ ਨਹੀਂ ਕਰਵਾਈ ਸੀ। ਉਨ੍ਹਾਂ ਕੋਲ ਦੋਸ਼ੀ ਦਾ ਨਾ ਕੋਈ ਆਈਡੀ ਪਰੂਫ ਅਤੇ ਨਾ ਹੋਰ ਸਾਮਾਨ ਹੈ। ਪੁਲਸ ਦੋਸ਼ੀ ਦੀ ਤਲਾਸ਼ ਵਿੱਚ ਲੱਗੀ ਹੈ। ਜਲਦ ਹੀ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਚੰਦੂਮਾਜਰਾ ਦੇ ਗੋਦ ਲਏ ਪਿੰਡ ਦੇ ਨਾਲੇ ਵਿੱਚ ਡੁੱਬੇ ਬੱਚੇ ਦੀ ਮੌਤ

ਮੋਹਾਲੀ, 10 ਅਕਤੂਬਰ (ਪੋਸਟ ਬਿਊਰੋ)- ਮੈਂਬਰ ਪਾਰਲੀਮੈਂਟ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਗੋਦ ਲਏ ਪਿੰਡ ਦਾਊਂ ਵਿੱਚ ਗੰਦੇ ਪਾਣੀ ਦੇ ਨਾਲੇ ਵਿੱਚ ਡੁੱਬਣ ਨਾਲ ਛੇ ਮਹੀਨੇ ਦੇ ਬੱਚੇ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਦਾਊਂ ਵਿਖੇ ਇੱਕ ਸਾਬਕਾ ਅਧਿਆਪਕ ਦੇ ਮਕਾਨ ਵਿੱਚ ਕਿਰ-ਾਏਦਾਰ ਵਿਸ਼ਨੂੰ ਦਾ ਛੇ ਮਹੀਨਿਆਂ ਦਾ ਬੱਚਾ ਰੋਹਿਤ ਘਰ ਦੇ ਵਿਹੜੇ ਵਿੱਚ ਵਾਕਰ ਵਿੱਚ ਖੇਡ ਰਿਹਾ ਸੀ ਤੇ ਖੇਡਦਾ-ਖੇਡਦਾ ਘਰ ਅੱਗੋਂ ਲੰਘਦੇ ਗੰਦੇ ਨਾਲੇ ਵਿੱਚ ਡਿੱਗ ਪਿਆ। ਬੱਚੇ ਦੇ ਮਾਪਿਆਂ ਨੂੰ ਉਸ ਦੇ ਨਾਲੇ ਵਿੱਚ ਡਿੱਗਣ ਦਾ ਪਤਾ ਕਾਫੀ ਦੇਰ ਬਾਅਦ ਲੱਗਾ ਤਾਂ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਵਿਸ਼ਨੂੰ ਦਾ ਪਰਵਾਰ ਚਾਰ ਸਾਲਾਂ ਤੋਂ ਇਸ ਮਕਾਨ ਵਿੱਚ ਕਿਰਾਏ 'ਤੇ ਰਹਿ ਰਿਹਾ ਸੀ ਤੇ ਪਿੱਛੋਂ ਉਹ ਅਲੀਗੜ੍ਹ ਤੋਂ ਆ ਕੇ ਇਥੇ ਵਸੇ ਹੋਏ ਹਨ।

ਵਰਨਣ ਯੋਗ ਹੈ ਕਿ ਪਿੰਡ ਦਾਊਂ ਨੂੰ ਹਲਕਾ ਆਨੰਦਪੁਰ ਸਾਹਿਬ ਦੇ ਮੈਂਬਰ ਪਾਰਲੀਮੈਂਟ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਐਮ ਪੀ ਆਦਰਸ਼ ਗਰਾਮ ਯੋਜਨਾ ਹੇਠ ਗੋਦ ਲਿਆ ਹੋਇਆ ਹੈ, ਪਰ ਪਿੰਡ ਵਾਸੀ ਪਿੰਡ ਦੀ ਮਾੜੀ ਹਾਲਤ ਦੀ ਅਕਸਰ ਸ਼ਿਕਾਇਤ ਕਰਦੇ ਹਨ। ਪਿੰਡ ਦੇ ਵਸਨੀਕ ਸਤਨਾਮ ਸਿੰਘ ਦਾਊਂ ਨੇ ਇਸ ਪਿੱਛੋਂ ਪ੍ਰੋਫੈਸਰ ਚੰਦੂਮਾਜਰਾ ਤੇ ਪ੍ਰਧਾਨ ਮੰਤਰੀ ਦਫਤਰ ਸਮੇਤ ਹੋਰਨਾਂ ਥਾਵਾਂ 'ਤੇ ਪੱਤਰ ਭੇਜ ਕੇ ਇਸ ਬੱਚੇ ਦੀ ਮੌਤ ਲਈ ਸਰਕਾਰ ਦੀ ਅਣਗਹਿਲੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਲਿਖਿਆ ਹੈ ਕਿ ਪਿੰਡ ਨੂੰ ਆਦਰਸ਼ ਗਰਾਮ ਯੋਜਨਾ ਹੇਠ ਗੋਦ ਲਏ ਜਾਣ ਦੇ ਬਾਵਜੂਦ ਪਿੰਡ ਦੀਆਂ ਗਲੀਆਂ ਤੇ ਸੜਕਾਂ ਦੀ ਹਾਲਤ ਤਰਸ ਯੋਗ ਹੈ ਤੇ ਇਸ ਸੰਬੰਧੀ ਪਿੰਡ ਵਾਸੀਆਂ ਵੱਲੋਂ ਲੰਮੇ ਸਮੇਂ-ਸਮੇਂ 'ਤੇ ਪ੍ਰਸ਼ਾਸਨ ਨੂੰ ਜਾਣੂ ਕਰਵਾਇਆ ਜਾਂਦਾ ਰਿਹਾ ਹੈ, ਪਰ ਕੋਈ ਕਾਰਵਾਈ ਨਹੀਂ ਹੋਈ। ਇਸ ਦੌਰਾਨ ਕੱਲ੍ਹ ਸਵੇਰੇ ਪਿੰਡ ਵਿੱਚ ਇਥੇ ਛੇ ਮਹੀਨੇ ਦੇ ਬੱਚੇ ਦੀ ਨਾਲੇ ਵਿੱਚ ਡੁੱਬਣ ਕਾਰਨ ਮੌਤ ਹੋ ਗਈ ਹੈ।

# ਪਾਕਿ ਦੇ ਮਿੱਠੀ ਕਸਬੇ ਵਿੱਚ ਹਾਲੇ ਕਾਇਮ ਹੈ ਮਿਲਵੀਂ ਤਹਿਜ਼ੀਬ ਦੀ ਮਿਠਾਸ



ਮਿੱਠੀ (ਪਾਕਿਸਤਾਨ), 10 ਅਕਤੂਬਰ (ਪੋਸਟ ਬਿਊਰੋ)- ਇਸ ਕਸਬੇ ਦੇ ਗਲੀ ਮੁਹੱਲਿਆਂ ਵਿੱਚ ਗਊਆਂ ਘੁੰਮਦੀਆਂ ਰਹਿੰਦੀਆਂ ਹਨ। ਹਿੰਦੂਆਂ ਲਈ ਪਵਿੱਤਰ ਪਸ਼ੂ ਮੰਨੀ ਜਾਂਦੀ ਗਊ ਸਹਿਣਸ਼ੀਲਤਾ ਦਾ ਪ੍ਰਤੀਕ ਮੰਨੀ ਜਾਂਦੀ ਹੈ। 95 ਫੀਸਦੀ ਮੁਸਲਿਮ ਆਬਾਦੀ ਵਾਲੇ ਕਿਸੇ ਦੇਸ਼ ਵਿੱਚ ਇਹ ਕੋਈ ਛੋਟੀ ਮੋਟੀ ਗੱਲ ਨਹੀਂ ਹੈ।

72 ਸਾਲਾ ਪੈਨਸ਼ਨਰ ਸ਼ਾਮ ਦਾਸ ਨੇ ਦੱਸਿਆ, 'ਇਥੇ ਮੁਸਲਮਾਨ ਹਿੰਦੂਆਂ ਦੇ ਅਕੀਦੇ ਦਾ ਸਤਿਕਾਰ ਕਰਦੇ ਹਨ। ਉਹ ਗਊ ਹੱਤਿਆ ਨਹੀਂ ਕਰਦੇ, ਆਂਢ ਗੁਆਂਢ ਵਿੱਚ ਬਿਲਕੁਲ ਵੀ ਨਹੀਂ।' ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਮਿੱਠੀ ਦੀਆਂ ਗਊਆਂ ਸਿਹਤਮੰਦ ਹਨ। ਉਹ ਕੁਝ ਵੀ ਖਾ ਲੈਂਦੀਆਂ ਹਨ ਤੇ ਅਕਸਰ ਕੂੜੇਦਾਨਾਂ ਵਿੱਚ ਵੀ ਮੂੰਹ ਮਾਰ ਲੈਂਦੀਆਂ ਤੇ ਰੱਜ ਕੇ ਸੜਕਾਂ ਕੰਢੇ ਬਹਿ ਜਾਂਦੀਆਂ ਹਨ। ਆਟੋ ਰਿਕਸ਼ਿਆਂ ਤੇ ਮੋਟਰ ਸਾਈਕਲ ਚਾਲਕਾਂ ਨੂੰ ਬਚ ਬਚਾਅ ਕੇ ਲੰਘਣਾ ਪੈਂਦਾ ਹੈ। ਮਿੱਠੀ ਕਸਬੇ ਦੀ ਆਬਾਦੀ 60 ਹਜ਼ਾਰ ਹੈ, ਜਿਥੇ ਹਿੰਦੂਆਂ ਦੀ ਬਹੁ ਗਿਣਤੀ ਹੈ। ਇਥੋਂ ਦੇ ਸ੍ਰੀ ਕ੍ਰਿਸ਼ਨਾ ਮੰਦਰ ਵਿੱਚ ਜਦੋਂ ਕੋਈ ਸ਼ਰਧਾਲੂ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਟੱਲੀ ਖੜਕਾਉਂਦਾ ਹੈ ਜਿਸ ਦੀ ਸੁਰ ਆਜ਼ਾਨ ਨਾਲ ਮੇਲ ਖਾਂਦੀ ਹੈ। ਮੰਦਰ ਦੇ ਬਾਹਰ ਨੌਜਵਾਨ ਹਿੰਦੂ ਸ਼ਰਧਾਲੂਆਂ ਦੀ ਇਕ ਟੋਲੀ ਮੰਦਰ ਦੀਆਂ ਕੰਧਾਂ 'ਤੇ ਕੀਤੀ ਰੰਗਾਂ ਦੀ ਛਹਿਬਰ ਦੀ ਗੱਲ ਕਰਦੀ ਹੈ। ਇਸ ਮੰਦਰ ਦੇ ਬਾਹਰ ਕੋਈ ਸੁਰੱਖਿਆ ਕਰਮੀ ਨਹੀਂ ਹੁੰਦਾ, ਪਰ ਇਥੋਂ ਕਰੀਬ 300 ਕਿਲੋਮੀਟਰ ਦੂਰ ਕਰਾਚੀ ਦੇ ਚੱਪੇ-ਚੱਪੇ ਉੱਤੇ ਸੁਰੱਖਿਆ ਦਸਤੇ ਮਿਲਦੇ ਹਨ। ਕਰਾਚੀ ਦੇ ਇਕ ਹਿੰਦੂ ਪੁਜਾਰੀ ਵਿਜੈ ਕੁਮਾਰ ਗਿਰ ਨੇ ਕਿਹਾ ਕਿ ਕਰਾਚੀ ਵਿੱਚ ਕਰੀਬ 360 ਮੰਦਰ ਸਨ ਜਿਨ੍ਹਾਂ 'ਚੋਂ ਦਰਜਨ ਭਰ ਮੰਦਰਾਂ ਦੇ ਕਿਵਾੜ ਖੁੱਲ੍ਹਦੇ ਹਨ। ਬਾਕੀ ਬੰਦ ਹਨ ਤੇ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ।

ਪਾਕਿਸਤਾਨ ਮਨੁੱਖੀ ਅਧਿਕਾਰ ਕਮਿਸ਼ਨ ਦੀ ਅਫਸਰ ਮਾਰਵੀ ਸਿਰਮਦ ਨੇ ਦੱਸਿਆ ਕਿ ਦੇਸ਼ ਵਿੱਚ ਨੁਮਾਇੰਦਗੀ ਦੇ ਪੱਖ ਤੋਂ ਹਿੰਦੂਆਂ ਲਈ ਹਾਲਾਤ ਸੁਖਾਵੇਂ ਨਹੀਂ, ਜਿਥੇ ਉਨ੍ਹਾਂ ਨੂੰ ਅਕਸਰ ਉਨ੍ਹਾਂ ਦੇ ਧਰਮ ਕਰਕੇ ਆਮ ਹੀ ਭਾਰਤ ਪੱਖੀ ਕਰਾਰ ਦੇ ਦਿੱਤਾ ਜਾਂਦਾ ਹੈ। ਸਰਕਾਰੀ ਏਜੰਸੀਆਂ ਉਨ੍ਹਾਂ ਨੂੰ ਸ਼ੱਕ ਨਾਲ ਦੇਖਦੀਆਂ ਹਨ। ਕਮਿਸ਼ਨ ਦੀ ਤਾਜ਼ਾ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੇ ਹਿੰਦੂਆਂ ਖਿਲਾਫ ਵਿਤਕਰਾ ਜਾਰੀ ਰਿਹਾ ਤਾਂ ਉਨ੍ਹਾਂ ਦੀ ਭਾਰਤ ਨੂੰ ਹਿਜਰਤ ਤੇਜ਼ ਹੋ ਸਕਦੀ ਹੈ।

ਪੈਂਤੀ ਕੁ ਸਾਲਾਂ ਦੇ ਕਾਰੋਬਾਰੀ ਸੁਨੀਲ ਕੁਮਾਰ ਨੇ ਕਿਹਾ ਕਿ ਮਿੱਠੀ ਦੇ ਹਿੰਦੂ ਇਸ ਗੱਲੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ ਤੇ ਸਾਰੇ ਫਿਰਕੇ ਮਿਲ ਕੇ ਰਹਿੰਦੇ ਹਨ, ਪਰ ਕੁਝ ਲੋਕਾਂ ਨੂੰ ਡਰ ਹੈ ਕਿ ਕਿਤੇ ਬਾਕੀ ਦੇਸ਼ ਦੇ ਸਮੁੱਚੇ ਖਿੱਤੇ ਵਿੱਚ ਚੱਲ ਰਹੀ ਤੁਅੱਸਬ ਦੀ ਹਨੇਰੀ ਮਿੱਠੀ ਦੀ ਹਵਾ ਵਿੱਚ ਜ਼ਹਿਰ ਨਾ ਘੋਲ ਦੇਵੇ। ਇਸ ਸ਼ਹਿਰ ਦੀ ਮਿਲਵੀਂ ਤਹਿਜ਼ੀਬ ਸਦੀਆਂ ਪੁਰਾਣੀ ਹੈ ਤੇ ਇਹ ਖਿੱਤਾ ਰਾਜਸਥਾਨ ਦੇ ਥਾਰਪਰਕਾਰ ਰੇਗਿਸਤਾਨ ਦੇ ਕੰਢੇ 'ਤੇ ਸਥਿਤ ਹੈ।

# ਸੜਕ ਹਾਦਸਿਆਂ 'ਚ ਗਲਤ ਡਰਾਈਵਿੰਗ ਕਾਰਨ ਦੋ ਹੋਰ ਮੌਤਾਂ




ਨਕੋਦਰ, 10 ਅਕਤੂਬਰ (ਪੋਸਟ ਬਿਊਰੋ)- ਨਕੋਦਰ ਜੰਡਿਆਲਾ ਰੋਡ 'ਤੇ ਪਿੰਡ ਸਰੀਂਹ ਨੇੜੇ ਇਕ ਤੇਜ਼ ਰਫਤਾਰ ਟਰਾਲੇ ਨੇ ਸਕੂਟਰੀ ਸਵਾਰ ਔਰਤ ਨੂੰ ਕੁਚਲ ਦਿੱਤਾ। ਔਰਤ ਦੀ ਮੌਕੇ 'ਤੇ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕਾ ਦੀ ਪਛਾਣ ਆਸ਼ਾ ਰਾਣੀ (26) ਪਤਨੀ ਸੰਨੀ, ਨਵੀਂ ਆਬਾਦੀ ਪਿੰਡ ਪੰਡੋਰੀ ਮੁਸ਼ਰਕਤੀ ਵਜੋਂ ਹੋਈ ਹੈ। ਉਹ ਆਪਣੇ ਪਿੰਡ ਤੋਂ ਨਕੋਦਰ ਆ ਰਹੀ ਸੀ ਕਿ ਤੇਜ਼ ਰਫਤਾਰ ਟਰਾਲੇ ਨੇ ਉਸ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਤੇ ਬੁਰੀ ਤਰ੍ਹਾਂ ਕੁਚਲ ਦਿੱਤਾ। ਆਸ਼ਾ ਰਾਣੀ ਦੀ ਮੌਕੇ 'ਤੇ ਮੌਤ ਹੋ ਗਈ। ਘਟਨਾ ਦਾ ਪਤਾ ਲੱਗਦੇ ਸਾਰ ਏ ਐਸ ਆਈ ਸੁਖਵਿੰਦਰ ਸਿੰਘ ਪੁਲਸ ਪਾਰਟੀ ਨਾਲ ਮੌਕੇ 'ਤੇ ਪੁੱਜੇ।

ਕੱਲ੍ਹ ਸ਼ਾਮ ਭੋਗਪੁਰ ਤੋਂ ਭੁੱਲਥ ਰੋਡ ਦੇ ਪਿੰਡ ਟਾਂਡੀ ਵਿਖੇ ਸਕੂਟਰ ਤੇ ਮੋਟਰ ਸਾਈਕਲ ਦੀ ਟੱਕਰ ਕਾਰਨ ਸਕੂਟਰ ਚਾਲਕ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮੰਗਤ ਰਾਮ (62) ਪੁੱਤਰ ਸਾਈਂ ਦਾਸ ਪਿੰਡ ਜੈਦ ਥਾਣਾ ਬੇਗੋਵਾਲ ਜ਼ਿਲਾ ਕਪੂਰਥਲਾ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਮੰਗਤ ਰਾਮ ਆਪਣੇ ਲੜਕੇ ਮਨਦੀਪ ਕੁਮਾਰ ਨਾਲ ਭੋਗਪੁਰ ਤੋਂ ਘਰ ਦਾ ਸਾਮਾਨ ਲੈ ਕੇ ਵਾਪਸ ਜਾ ਰਿਹਾ ਸੀ। ਇਸੇ ਦੌਰਾਨ ਸਕੂਟਰ ਦੀ ਬਾਈਕ ਨਾਲ ਟੱਕਰ ਹੋਣ ਦੌਰਾਨ ਮੰਗਤ ਰਾਮ ਦੇ ਗੁੱਝੀ ਸੱਟ ਲੱਗਣ ਨਾਲ ਮੌਕੇ ਉਪਰ ਮੌਤ ਹੋ ਗਈ, ਜਦ ਕਿ ਮਨਦੀਪ ਦੇ ਮਾਮੂਲੀ ਸੱਟਾਂ ਲੱਗੀਆਂ।

# ਰਾਜਨਾਥ ਦੇ ਮੁਤਾਬਕ ਕਿਸੇ ਵੀ ਹੱਦ ਤੱਕ ਜਾ ਰਹੇ ਹਨ ਅੱਤਵਾਦੀ



ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਐਮਸਟਰਡਮ ਡੀਟਰਾਇਟ ਫਲਾਈਟ ਨੂੰ 2009 'ਚ ਉਡਾਉਣ ਦੀ ਨਾਕਾਮ ਕੋਸ਼ਿਸ਼ ਨੂੰ ਯਾਦ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਹਵਾਈ ਅੱਡਿਆਂ ਅਤੇ ਜਹਾਜ਼ਾਂ 'ਤੇ ਹਮਲੇ ਲਈ ਅੱਤਵਾਦੀ ਕਿਸੇ ਵੀ ਹੱਦ ਤੱਕ ਜਾ ਰਹੇ ਹਨ। ਉਹ ਕੌਮਾਂਤਰੀ ਪੱਧਰ ਉੱਤੇ ਸਿਵਲ ਏਵੀਏਸ਼ਨ ਦੀਆਂ ਸੇਵਾਵਾਂ 'ਤੇ ਹਮਲਾ ਕਰਨ ਲਈ ਭਰਪੂਰ ਕੋਸ਼ਿਸ਼ਾਂ ਕਰ ਰਹੇ ਹਨ।

ਕੱਲ੍ਹ ਕੌਮਾਂਤਰੀ ਏਵੀਏਸ਼ਨ ਸੁਰੱਖਿਆ ਬਾਰੇ ਕਰਵਾਏ ਸੈਮੀਨਾਰ ਦੇ ਉਦਘਾਟਨ ਭਾਸ਼ਣ 'ਚ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ ਵਿੱਚ ਕਰੀਬ 40 ਛੋਟੇ ਹਵਾਈ ਅੱਡਿਆਂ ਤੇ ਹੈਲੀਪੋਰਟ ਦੀ ਸੁਰੱਖਿਆ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿਵਲ ਏਵੀਏਸ਼ਨ ਖੇਤਰ ਬੇਹੱਦ ਸੰਵੇਦਨਸ਼ੀਲ ਤੇ ਹਾਈ ਪ੍ਰੋਫਾਈਲ ਕਿਸਮ ਦਾ ਹੈ। ਇਸ ਖੇਤਰ 'ਤੇ ਅੱਤਵਾਦੀ ਹਮਲਾ ਹੋਣ 'ਤੇ ਪੂਰੀ ਦੁਨੀਆ ਦਾ ਧਿਆਨ ਇਸ ਪਾਸੇ ਖਿੱਚਿਆ ਜਾਂਦਾ ਹੈ। ਅਕਸਰ ਅਜਿਹੀਆਂ ਘਟਨਾਵਾਂ ਜ਼ਮੀਨੀ ਸਿਆਸੀ ਹਾਲਾਤ ਦਾ ਅਸਰ ਹੁੰਦੀਆਂ ਹਨ। ਰਾਜਨਾਥ ਸਿੰਘ ਨੇ ਕਿਹਾ ਕਿ 2001 ਵਿੱਚ ਜੁੱਤੀ 'ਚ ਬੰਬ ਰੱਖਣ, ਲੰਡਨ 'ਚ 2006 'ਚ ਤਰਲ ਧਮਾਕਾਖੇਜ਼ ਦੀ ਵਰਤੋਂ ਤੇ ਸਾਲ 2009 'ਚ ਐਮਸਟਰਡਮ 'ਚ ਅੰਡਰਵੀਅਰ 'ਚ ਰੱਖ ਕੇ ਬੰਬ ਲਿਆਉਣ ਦੀਆਂ ਅੱਤਵਾਦੀ ਘਟਨਾਵਾਂ ਤੋਂ ਸਾਫ ਹੈ ਕਿ ਅੱਤਵਾਦੀ ਆਪਣੀਆਂ ਹੱਦਾਂ ਤੋਂ ਪਰ੍ਹਾਂ ਜਾ ਕੇ ਹਮਲੇ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਵਰਨਣ ਯੋਗ ਹੈ ਕਿ 2009 ਵਿੱਚ ਕ੍ਰਿਸਮਸ ਮੌਕੇ ਉਮਰ ਫਾਰੂਕ ਅਬਦੁਲ ਮੁਤਾਲਬ ਨੇ ਅਲ ਕਾਇਦਾ ਵੱਲੋਂ ਇਕ ਜਹਾਜ਼ ਨੂੰ ਉਡਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਸੀ, ਪਰ ਉਹ ਬੁਰੀ ਤਰ੍ਹਾਂ ਸੜ ਗਿਆ ਸੀ, ਕਿਉਂਕਿ ਉਹ ਐਮਸਟਰਡਮ ਤੋਂ ਡੈਟਰਾਇਟ ਜਾਣ ਵਾਲੇ ਜਹਾਜ਼ ਨੂੰ ਉਡਾਉਣ ਲਈ ਆਪਣੇ ਅੰਡਰਵੀਅਰ ਵਿੱਚ ਸਿਲੇ ਹੋਏ ਬੰਬ ਨਾਲ ਸਹੀ ਤਰੀਕੇ ਨਾਲ ਧਮਾਕਾ ਨਹੀਂ ਕਰ ਸਕਿਆ ਸੀ। ਫਾਰੂਕ ਨੂੰ ਬਾਅਦ 'ਚ ਅੰਡਰਵੀਅਰ ਆਤਮਘਾਤੀ ਤੇ ਕ੍ਰਿਸਮਸ ਡੇਅ ਆਤਮਘਾਤੀ ਦਾ ਨਾਂ ਦਿੱਤਾ ਗਿਆ ਸੀ। ਰਾਜਨਾਥ ਸਿੰਘ ਨੇ ਦੇਸ਼ ਦੀਆਂ ਏਵੀਏਸ਼ਨ ਸੁਰੱਖਿਆ ਏਜੰਸੀਆਂ ਨੂੰ ਕਿਹਾ ਕਿ ਉਹ ਉਸ ਪੱਖ ਤੋਂ ਸੁਰੱਖਿਆ ਦੇ ਇੰਤਜ਼ਾਮ ਕਰਨ ਕਿ ਏਵੀਏਸ਼ਨ ਅਦਾਰਿਆਂ 'ਤੇ ਕਿਵੇਂ ਹਮਲਾ ਹੋ ਸਕਦਾ ਹੈ।




## ਲੜਕੀ ਦੀ ਲੋੜ

Mann ਜੱਟ ਸਿੱਖ,ਉਮਰ 25 ਸਾਲ, ਕੱਦ 6 ਫੁੱਟ, Italian born, , ਚੰਗੀ ਨੌਕਰੀ ਕਰਦੇ ਲੜਕੇ ਲਈ PR ਜੱਟ ਸਿੱਖ ਲੜਕੀ ਦੀ ਲੋੜ। ਸਟੂਡੈਂਟ ਜਾਂ work permit 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ work permit 'ਤੇ ਹੈ। ਸੰਪਰਕ ਕਰੋ - 647-981-0014 , 416-918-7517

Jhajj ਜੱਟ ਸਿੱਖ,ਉਮਰ 33 ਸਾਲ, ਕੱਦ 6 ਫੁੱਟ, Post Graduate ਲੜਕੇ ਲਈ PR ਲੜਕੀ ਦੀ ਲੋੜ। visitor visa ਹੋਲਡਰ 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ visitor visa 'ਤੇ ਹੈ। ਲੜਕੇ ਕੋਲ A/Z ਲਾਇਸੰਸ ਹੈ, ਪੂਰਾ ਪਰਿਵਾਰ ਕੈਨੇਡਾ ਵਿੱਚ ਵੈਲ ਸੈਟਲਡ ਹੈ।
ਸੰਪਰਕ ਕਰੋ - 647-408-3814

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1'', ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਗਹੋਟਰਾ, ਕੈਨੇਡੀਅਨ ਸਿਟੀਜ਼ਨ, ਚੰਡੀਗੜ੍ਹ ਬੋਰਨ, ਉਮਰ 33 ਸਾਲ, ਕੱਦ 5'11" ਲਈ ਕੈਨੇਡੀਅਨ ਜਾਂ ਅਮੇਰਿਕਨ ਲੜਕੀ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-212-4856, 587-930-1345

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜੱਟ ਸਿੱਖ ਵੈਸ਼ਨੂੰ ਲੜਕਾ, ਉਮਰ 27 ਸਾਲ, ਕੱਦ 6 ਫੁੱਟ, Post Graduate + N.I.S ਵਿੱਚ Diploma, Clean Shave, ਸਰਕਾਰੀ ਜੋਬ, ਵਿਜ਼ਟਰ ਵੀਜ਼ੇ ਤੇ ਆਏ ਲੜਕੇ ਲਈ P.R/Citizen/Student ਲੜਕੀ ਦੀ ਲੋੜ ਹੈ. Currently Working in S.A.I North India; Mom retired principal, Father is working in Private Sector; ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:- 905-956-4499 | 647-285-2299 ਜਾਂ +91 98147-10102 (Whatsapp Only)

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ। 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਉਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

